# ਇਨ੍ਹਾਂ ਅਖ਼ੀਰਲੇ ਦਿਨਾਂ ਵਿਚ ਪਰਮੇਸ਼ੁਰ ਦੀ ਅਵਾਜ਼

ਯਕੀਨਨ ਅੱਜ ਸਵੇਰੇ ਦੁਬਾਰਾ ਇਨ੍ਹਾਂ ਸਪੈਨਿਸ਼ ਲੋਕਾਂ ਵਿਚ ਵਾਪਸ ਆਉਣਾ ਸਨਮਾਨ ਦੀ ਗਲ ਹੈ। ਅਤੇ ਮੈਂ ਹੈਰਾਨ ਹਾਂ ਕਿ ਜੇ ਜਿੰਮ ਇਸ ਨੂੰ ਸਮਝ ਰਿਹਾ ਹੈ। ਔਹ, ਉਹ ਰਿਕਾਰਡਿੰਗ ਲੈ ਰਿਹਾ ਹੈ। ਮੇਰੇ ਕੋਲ ਅਜੇ ਵੀ ਰਿਕਾਰਡ ਹੈ ਜੋ ਛੋਟੀ ਸਪੈਨਿਸ਼ ਗੀਤ ਮੰਡਲੀ ਨੇ ਬਣਾਇਆ ਸੀ ਜਦੋਂ ਮੈਂ ਇੱਥੇ ਭਾਈ ਗਾਰਸੀਆ ਦੇ ਨਾਲ ਸੀ। ਅਤੇ ਮੈਂ ਉਹ ਛੋਟਾ ਜਿਹਾ ਗੀਤ ਭੁੱਲ ਜਾਂਦਾ ਹਾਂ ਜੋ ਉਹ ਮੇਰੇ ਲਈ ਗਾਉਂਦੇ ਸਨ। ਪਰ, ਔਹ, ਮੈਂ ਇਸ ਨੂੰ ਕਿੰਨਾ ਪਸੰਦ ਕਰਦਾ ਸੀ! ਅਤੇ ਹੁਣ ਉਹ ਸਾਰੇ ਬੱਚੇ ਵੱਡੇ ਹੋ ਗਏ ਹਨ ਅਤੇ ਵਿਆਹੇ ਹੋਏ ਹਨ। ਮੇਰੀ ਅਕਸਰ ਉਹਨਾਂ ਨਾਲ ਗਲ ਬਾਤ ਹੁੰਦੀ ਰਹਿੰਦੀ ਹੈ। ਅਤੇ ਮੈਂ ਅੱਜ ਸਵੇਰੇ ਅੰਦਰ ਆਇਆ ਅਤੇ ਛੋਟੇ ਜੋਸਫ਼ ਨੂੰ ਵੇਖਿਆ, ਅਤੇ ਹੁਣ ਇਸਨੇ ਸੱਚਮੁੱਚ ਮੈਨੂੰ ਕੁਝ ਕਰ ਦਿੱਤਾ ਹੈ, ਅਤੇ ਮੈਂ ਤੁਹਾਨੂੰ ਵੇਖਕੇ ਯਕੀਨਨ ਖੁਸ਼ ਸੀ।

2 ਅਤੇ, ਹੁਣ, ਮੈਨੂੰ ਇੱਕ ਸ਼ਬਦ ਮਿਲਿਆ ਹੈ ਜੋ ਮੈਂ ਸਪੈਨਿਸ਼ ਵਿੱਚ ਕਹਿ ਸਕਦਾ ਹਾਂ। ਕੀ ਤੁਸੀਂ ਇਹ ਸੁਣਨਾ ਚਾਹੋਗੇ? “ਹਾਲੇਲੂਯਾਹ!” ਮੈਂ ਕਦੇ ਨਹੀਂ ਭੁੱਲਾਂਗਾ...ਮੈਂ ਇੱਕ ਬੋਲ਼ੀ ਔਰਤ ਨੂੰ ਇੱਕ ਵਾਰ ਸੁਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਹੁਣ, ਮੈਂ ਇਹ ਸਭ ਗਲਤ ਕਹਿ ਸਕਦਾ ਹਾਂ, ਤੁਸੀਂ ਦੇਖੋ, ਪਰ ਸਭ ਤੋਂ ਵਧੀਆ ਮੈਨੂੰ ਯਾਦ ਹੈ ਉਹ ਸੀ “ਓਏ।” ਇਹ ਸਹੀ ਹੈ? ਮੈਨੂੰ *ਸੁਣੋ*। *ਸੁਣੋ*, “ਓਏ।” ਅਤੇ ਫਿਰ ਕਦੇ ਨਾ ਭੁੱਲਣ ਵਾਲਾ, “ਗਲੋਰੀਆ ਆ ਡਾਇਓਸ!” ਬੱਸ ਸ਼ਾਨਦਾਰ! ਔਹ, ਮੈਨੂੰ ਰਾਜਧਾਨੀ ਵਿੱਚ ਜਾਣ ਦਾ ਮੌਕਾ ਮਿਲਿਆ, ਮੈਕਸਿਕੋ ਸ਼ਹਿਰ, ਉਥੇ ਜਾ ਕੇ ਉਹਨਾਂ ਨਾਲ ਗਲਬਾਤ ਕਰਨ ਦਾ। ਮੈਂ ਕਿੰਨਾ ਖੁਸ਼ ਸੀ! ਅਤੇ ਮੈਂ ਕਰਦਾ ਹੁੰਦਾ ਸੀ...

3 ਇੱਥੇ ਆਉਣ ਤੋਂ ਪਹਿਲਾਂ ਮੈਂ ਫਿਨਲੈਂਡ ਵਿੱਚ ਸੀ। ਅਤੇ ਹਮੇਸ਼ਾਂ ਮੈਨੂੰ ਇੱਕ ਛੋਟੀ ਫਿਨਿਸ਼ ਔਰਤ ਨਾਲ ਗੱਲ ਕਰਨ ਦੀ ਯਾਦ ਦਵਾਉਂਦਾ ਹੈ। ਉਹ ਮੈਨੂੰ ਉਥੇ ਲੈ ਗਏ ਜਿਸ ਨੂੰ ਉਹ “ਬੈਥਨੀ” ਕਹਿੰਦੇ ਹਨ। ਹਰ ਦੇਸ਼ ਦਾ ਆਪਣਾ ਵਿਚਾਰ ਹੁੰਦਾ ਹੈ। (ਹਾਂ, ਕੀ ਤੁਸੀਂ ਦੂਹਰੀ ਅਵਾਜ ਸੁਣ ਰਹੇ ਹੋ, ਮੈਂ ਇਸ ਦੇ ਬਹੁਤ ਨੇੜੇ ਹਾਂ? ਕੀ ਤੁਸੀਂ ਸਭ ਠੀਕ ਸੁਣ ਸਕਦੇ ਹੋ? ਇਹ ਹੀ ਹੈ।) ਇਹ ਛੋਟੀ ਜਿਹੀ ਔਰਤ, ਉਹ ਇੱਕ ਪਿਆਰੀ ਛੋਟੀ ਜਿਹੀ ਵਿਅਕਤੀ ਸੀ। ਪਰ

ਉਹ ਮੇਰੇ ਵਰਗੀ ਸੀ, ਉਹ ਬਹੁਤ ਸਾਰੀਆਂ ਗਲਾਂ ਕਰਨੀਆਂ ਪਸੰਦ ਕਰਦੀ ਸੀ। ਅਤੇ ਅਨੁਵਾਦ ਕਰਨ ਵਾਲਾ...ਉਹ ਬਹੁਤ ਤੇਜ ਬੋਲਦੀ ਸੀ, ਅਤੇ—ਅਤੇ ਅਨੁਵਾਦ ਕਰਨ ਵਾਲਾ ਇਸ ਨੂੰ ਇੰਨੀ ਤੇਜ ਨਹੀਂ ਬੋਲ ਸਕਿਆ ਕਿ ਉਹ ਕੀ ਕਹਿਣਾ ਚਾਹੁੰਦੀ ਸੀ। ਅਤੇ ਉਹ ਖੜ੍ਹੀ ਹੁੰਦੀ ਸੀ ਅਤੇ ਉਸਦਾ ਚਿਹਰਾ ਲਾਲ ਹੋ ਜਾਂਦਾ ਸੀ, ਉਸਨੇ ਕਿਹਾ, "ਮੈਂਨੂੰ ਇਹ ਉਨ੍ਹਾਂ ਬਾਬਲ ਦੇ ਲੋਕਾਂ ਤੋਂ ਮਿਲਿਆ ਹੈ।"

4 ਪਰ, ਤੁਸੀਂ ਜਾਣਦੇ ਹੋ, ਮੈਂ ਦੇਖਿਆ ਹੈ ਕਿ ਸਾਰੇ—ਸਾਰੇ ਪੰਛੀ ਅੰਗਰੇਜ਼ੀ ਵਿਚ ਗਾਉਂਦੇ ਹਨ, ਕੁੱਤੇ ਅੰਗਰੇਜ਼ੀ ਵਿਚ ਭੌਂਕਦੇ ਹਨ, ਬੱਚੇ ਅੰਗਰੇਜ਼ੀ ਵਿਚ ਰੋਂਦੇ ਹਨ। ਮੈਂ ਹੈਰਾਨ ਹਾਂ ਕਿ ਸਾਡੇ ਨਾਲ ਕੀ ਮਾਮਲਾ ਹੈ। ਪਰ ਸਾਡੇ ਵਿਚੋਂ ਹਰ ਇਕ ਸੋਚਦਾ ਹੈ ਕਿ ਸਾਡੀ—ਸਾਡੀ ਭਾਸ਼ਾ ਹਜ਼ਾਰ ਸਾਲ ਦੀ ਭਾਸ਼ਾ ਹੋਵੇਗੀ, ਯਕੀਨਨ। ਪਰ ਅਸੀਂ ਜਿਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ ਹੈ, ਇਹ ਸੱਚ ਹੈ, ਕਿਉਂਕਿ ਸਾਡੇ ਕੋਲ ਸਵਰਗੀ ਭਾਸ਼ਾ ਹੈ।

5 ਸਾਡੇ ਕੋਲ ਅੱਜ ਸਵੇਰੇ ਭਰਾ ਰੋਏ ਸਾਡੇ ਨਾਲ ਹਨ, ਵਾਸ਼ਿੰਗਟਨ ਤੋਂ ਇੱਕ ਰਾਜਦੂਤ। ਮੇਰਾ ਮੰਨਣਾ ਹੈ ਕਿ ਉਸਨੇ ਪੰਜ ਜਾਂ ਛੇ ਰਾਸ਼ਟਰਪਤੀਆਂ ਅਧੀਨ ਸੇਵਾ ਕੀਤੀ ਹੈ, ਸੱਤ ਰਾਸ਼ਟਰਪਤੀ। ਅਤੇ ਤੁਸੀਂ ਜਾਣਦੇ ਹੋ ਕਿ ਮੈਂ ਇਥੇ ਖੜਾ ਹੋਣਾ ਕਿਵੇਂ ਮਹਿਸੂਸ ਕਰ ਰਿਹਾ ਹਾਂ, ਇਸ ਮੰਚ ਉੱਤੇ, ਬੋਲਣਾ, ਅਜਿਹੇ ਆਦਮੀਆਂ ਨਾਲ ਜੋ ਮੇਰੇ ਪਿਛੇ ਬੈਠੇ ਹੋਏ ਹਨ। ਪਰ ਉਸਦੀ ਗਵਾਹੀ ਹਮੇਸ਼ਾਂ ਮੇਰੇ ਲਈ ਬਹੁਤ ਉਮਦਾ ਸੀ, ਅਤੇ ਖ਼ਾਸਕਰ ਜਦੋਂ ਉਹ...ਮੇਰਾ ਮੰਨਣਾ ਹੈ ਕਿ ਉਹ ਲੂਥਰਨ ਸੀ, ਜੇ ਮੈਂ ਗਲਤ ਨਹੀਂ ਹਾਂ, ਜਾਂ ਤਾਂ ਕੈਥੋਲਿਕ ਜਾਂ ਲੂਥਰਨ, ਲੂਥਰਨ। ਅਤੇ ਉਸਨੇ ਕਿਹਾ ਕਿ ਉਹ...ਕਿਸੇ ਪੈਂਟੀਕਾਸਤਲ ਸਭਾ ਵਿੱਚ ਤੰਬੂ ਹੇਠ ਘਿਸਰਣ ਬਾਰੇ, ਅਤੇ ਉਹ ਉੱਠਿਆ...ਅੰਤ ਵਿੱਚ ਉਸਨੇ ਜਗਵੇਦੀ ਵੱਲ ਆਪਣਾ ਰਸਤਾ ਬਣਾ ਲਿਆ, ਅਤੇ, ਜਦੋਂ ਉਸਨੇ ਕੀਤਾ, ਪ੍ਰਭੂ ਉਸ ਉੱਤੇ ਉਤਰਿਆ ਅਤੇ ਉਸਨੂੰ ਐਨੀ ਬਰਕਤ ਦਿੱਤੀ ਕਿ...ਮੈਨੂੰ ਲਗਦਾ ਹੈ ਕਿ ਉਹ ਲਗਭਗ ਸੱਤ ਵੱਖਰੀਆਂ ਭਾਸ਼ਾਵਾਂ ਵਿੱਚ ਗੱਲ ਕਰ ਸਕਦਾ ਹੈ। ਅਤੇ ਕਿਹਾ ਕਿ ਉਸਨੇ ਇੱਕ ਕੋਸ਼ਿਸ਼ ਕੀਤੀ, "ਇਸ ਨੇ ਕੰਮ ਨਹੀਂ ਕੀਤਾ," ਫਿਰ ਦੂਜੀ ਕੋਸ਼ਿਸ਼ ਕੀਤੀ, "ਇਸ ਨੇ ਕੰਮ ਨਹੀਂ ਕੀਤਾ।" ਅਤੇ ਮੈਨੂੰ ਲਗਦਾ ਹੈ ਕਿ ਉਹ ਉਸੇ ਤਰ੍ਹਾਂ ਸਪੈਨਿਸ਼ ਬੋਲ ਸਕਦਾ ਹੈ ਜਿਵੇਂ ਤੁਸੀਂ ਸਾਰੇ ਬੋਲ ਸਕਦੇ ਹੋ। ਇਸ ਲਈ ਉਸਨੇ—ਉਸਨੇ ਉਨ੍ਹਾਂ ਸਾਰੀਆਂ ਦੀ ਕੋਸ਼ਿਸ਼ ਕੀਤੀ, ਅਤੇ ਉਹ ਕੰਮ ਨਹੀਂ ਕੀਤੀਆਂ। ਅਤੇ, ਵੇਖੋ, ਜਾਣਦੇ ਹੋ ਕੀ, ਪਰਮੇਸ਼ੁਰ ਬਹੁਤ ਭਲਾ ਸੀ, ਉਹ ਹੇਠਾਂ ਆਇਆ ਅਤੇ ਉਸਨੂੰ ਇੱਕ ਭਾਸ਼ਾ ਦਿੱਤੀ ਜਿਸਦੀ ਉਸਨੇ ਪਹਿਲਾਂ ਕਦੇ ਕੋਸ਼ਿਸ਼ ਨਹੀਂ ਕੀਤੀ ਸੀ, ਉਸਨੇ ਕਿਹਾ, "ਇਹ ਕੰਮ ਕਰ ਰਹੀ ਹੈ।" ਇਹ ਠੀਕ ਹੈ। ਮੈਨੂੰ ਲਗਦਾ ਹੈ ਕਿ ਦੂਸਰੇ ਪਾਸੇ ਵੀ ਇਸੇ ਤਰ੍ਹਾਂ ਹੋਵੇਗਾ।

6 ਮੈਂ ਛੋਟੀ ਕਲੀਸਿਯਾ ਦੀਆਂ ਬਹੁਤ ਸਾਰੀਆਂ ਯਾਦਾਂ ਆਪਣੇ ਦਿਲ ਵਿੱਚ ਰੱਖੀਆਂ ਹਨ, ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ...ਔਹ, ਮੈਂ ਭੁੱਲ ਜਾਂਦਾ ਹਾਂ ਕਿ ਇਹ ਕਿੱਥੇ ਹੈ। ਇਹ ਇੱਥੇ ਕਿਤੇ ਟੋਂਟੋ ਗਲੀ ਦੇ ਨੇੜੇ ਹੈ। ਅਤੇ ਮੈਨੂੰ ਉਹ ਯਾਦ ਹੈ। ਮੈਂ "ਟੋਂਟੋ ਸਟ੍ਰੀਟ" ਸ਼ਬਦ ਬਾਰੇ ਸੋਚ ਸਕਦਾ ਹਾਂ, ਜਿੱਥੇ ਸਪੈਨਿਸ਼ ਅਪੋਸਟੋਲਿਕ ਚਰਚ ਹੁੰਦਾ ਸੀ।

7 ਮੈਂ ਪਾਦਰੀ ਨੂੰ ਕਹਿ ਰਿਹਾ ਸੀ, "ਇਹ ਬੇਦਾਰੀ ਲਈ ਇੱਕ ਸ਼ਾਨਦਾਰ ਜਗ੍ਹਾ ਹੋਵੇਗੀ," ਬਹੁਤ ਸਾਰੀ ਜਗ੍ਹਾ, ਨਵਾਂ ਗਿਰਜਾ, ਚੰਗੇ ਲੋਕ। ਇਸ ਲਈ ਮੈਨੂੰ ਲਗਦਾ ਹੈ ਕਿ ਇਹ ਕਿਸੇ ਦਿਨ ਬੇਦਾਰੀ ਲਈ ਕਤਾਰ ਵਿੱਚ ਹੋਵੇਗਾ। ਤੁਸੀਂ ਉਸ ਲਈ ਪ੍ਰਾਰਥਨਾ ਕਰਦੇ ਹੋ, ਅੰਦਰ ਆਓ ਅਤੇ ਇੱਕ ਬੇਦਾਰੀ ਪ੍ਰਾਪਤ ਕਰੋ। ਹੁਣ, ਮੈਂ ਉਮੀਦ ਕਰਦਾ ਹਾਂ ਕਿ ਇਹ ਉਸੇ ਦਾ ਦੁਹਰਾਣਾ ਹੈ ਜੋ ਅਸੀਂ ਦੂਜੀ ਕਲੀਸੀਆ ਵਿੱਚ ਕੀਤਾ ਸੀ। ਮੈਨੂੰ ਯਾਦ ਹੈ ਵਿਹੜੇ ਵਿੱਚ ਖੜ੍ਹਾ ਹੋਣਾ, ਵਾੜ ਦੇ ਨਾਲ ਝੁਕਣਾ, ਉੱਪਰ ਅਤੇ ਹੇਠਾਂ ਗਲੀਆਂ ਵਿਚ, ਰਾਤ ਦੇ ਸਮੇਂ ਉੱਥੇ ਜਾਂਣ ਦੀ ਕੋਸ਼ਿਸ਼ ਕਰਨਾ, ਇਹ ਯਕੀਨਨ ਇੱਕ ਰੋਮਾਂਚ ਸੀ ਜੋ ਮੈਂ ਕਦੇ ਨਹੀਂ ਭੁੱਲਿਆ। ਅਤੇ ਮੈਨੂੰ ਛੋਟੀਆਂ ਔਰਤਾਂ ਦਾ ਇੱਕ—ਇੱਕ ਰਿਕਾਰਡ ਮਿਲਿਆ ਹੈ, ਭੈਣਾਂ ਅਤੇ ਭਰਾ ਜਿਨ੍ਹਾਂ ਨੇ ਗਾਇਆ ਅਤੇ ਇੱਕ ਰਿਕਾਰਡ ਬਣਾਇਆ। ਅਤੇ ਉਹ "ਔਨਲੀ ਬਿਲੀਵ" ਅਰਥਾਤ ਸਿਰਫ ਵਿਸ਼ਵਾਸ ਕਰੋ ਗਾਉਣ ਦੀ ਕੋਸ਼ਿਸ਼ ਕਰਦੇ, ਅਤੇ ਉਹ ਬੱਸ ਇਸ ਨੂੰ ਸਹੀ ਨਹੀਂ ਕਰ ਪਾ ਰਹੇ ਸਨ, ਤੁਸੀਂ ਜਾਣਦੇ ਹੋ। ਉਹ ਕਹਿੰਦੇ, "ਔਨਲੀ ਬਿਲੀਵ" ਦੀ ਬਜਾਏ, ਉਹ ਕਹਿੰਦੇ ਸਨ "ਯੋਨਿਏ ਬਿਲੀਵ," ਵੇਖਿਆ।

8 ਅਤੇ ਮੈਨੂੰ ਯਾਦ ਹੈ ਰਿਬਕਾਹ, ਮੇਰੀ ਧੀ, ਸਾਰਾਹ, ਅਤੇ ਫਿਰ ਵੀ ਉਹ ਕਹਿੰਦੀਆਂ ਸਨ, "ਪਿਤਾ ਜੀ, ਗਾਓ, ਉਸ ਰਿਕਾਰਡ ਨੂੰ ਚਲਾਓ ਜੋ ਛੋਟੀਆਂ..." "ਸਪੈਨਿਸ਼" ਕਹਿਣ ਦੀ ਬਜਾਏ, ਉਹ ਉਸ ਸ਼ਬਦ ਨੂੰ ਨਹੀਂ ਬੋਲ ਸਕਦੀਆਂ ਸਨ, ਕਿਹਾ, "ਸਪਿਨਿਸ਼ ਲੜਕੀਆਂ, ਛੋਟੀਆਂ ਸਪਿਨਿਸ਼ ਲੜਕੀਆਂ 'ਸਿਰਫ ਵਿਸਵਾਸ ਕਰੋ' ਗਾ ਰਹੀਆਂ ਹਨ।"

9 ਖੈਰ, ਮੈਨੂੰ ਯਾਦ ਹੈ ਕਿ ਉਹ ਸਭਾ ਦੇ ਮਗਰ ਗਏ। ਉਸ ਸਮੇਂ ਬੇਦਾਰੀ ਚੱਲ ਰਹੀ ਸੀ, ਅਤੇ ਉਹ ਸਭਾਵਾਂ ਦੇ ਪਿੱਛੇ ਪੱਛਮੀ ਤੱਟ ਤੱਕ ਗਏ। ਅਤੇ ਮੈਂ... ਜਦੋਂ ਅਸੀਂ ਕੈਲੀਫੋਰਨੀਆ ਛੱਡ ਆਏ ਤਾਂ ਇੱਕ ਛੋਟੀ ਜਿਹੀ ਚੀਜ਼ ਮੇਰੇ ਦਿਲ ਵਿੱਚ ਘਰ ਕਰ ਗਈ, ਭਾਈ ਮੂਰ ਅਤੇ ਮੈਂ, ਅਤੇ ਭਾਈ ਬ੍ਰਾਉਨ, ਕੈਪੀਟਲ ਵਿੱਚ ਪਹੁੰਚੇ। ਅਤੇ ਜਦੋਂ ਮੈਂ ਉਸ ਰਾਤ ਉਸ ਇਮਾਰਤ ਵਿੱਚੋਂ ਲੰਘਿਆ, ਤਾਂ ਉਹ ਬੱਚੇ ਉੱਥੇ ਖੜ੍ਹੇ ਹੋ ਕੇ ਗਾ ਰਹੇ ਸਨ, "ਉਹ ਤੁਹਾਡੀ ਫਿਕਰ ਕਰਦਾ ਹੈ।" ਤੁਸੀਂ ਇਸਨੂੰ ਸੁਣਿਆ ਹੈ। "ਧੁੱਪਾਂ ਜਾਂ ਛਾਵਾਂ ਵਿੱਚ, ਉਹ ਤੁਹਾਡੀ ਫਿਕਰ

ਕਰਦਾ ਹੈ।” ਕਈ ਵਾਰ ਵਿਦੇਸ਼ਾਂ ਵਿੱਚ, ਵਿਸ਼ਵ ਯੁੱਧ ਦੇ ਮੈਦਾਨਾਂ ਵਿੱਚ, ਮਸੀਹ ਦੇ ਸੰਦੇਸ਼ ਨੂੰ ਲਿਆਉਣ ਦੀ ਕੋਸ਼ਿਸ਼ ਕਰਦੇ ਹੋਏ, ਮੈਨੂੰ ਉਹ ਕੁੜੀਆਂ ਅਤੇ ਮੁੰਡੇ ਯਾਦ ਆਉਣਗੇ ਜੋ ਮੇਰੇ ਲਈ ਉਹ ਗੀਤ ਗਾ ਰਹੇ ਸਨ, “ਉਹ ਤੁਹਾਡੀ ਫਿਕਰ ਕਰਦਾ ਹੈ। ਧੁੱਪਾਂ ਜਾਂ ਛਾਵਾਂ ਵਿੱਚ, ਉਹ ਅਜੇ ਵੀ ਤੁਹਾਡੀ ਫਿਕਰ ਕਰਦਾ ਹੈ।” ਇਸ ਲਈ ਇਹ ਇੱਕ ਮਹਾਨ ਪ੍ਰੇਰਣਾ ਰਹੀ ਹੈ, ਇੱਕ ਸਹਾਇਤਾ।

10 ਤੁਹਾਡੇ ਵਧੀਆ ਪਾਸਟਰ ਨੂੰ ਮਿਲ ਕੇ, ਅਤੇ ਇਹ ਵੇਖ ਕੇ ਬਹੁਤ ਖੁਸ਼ੀ ਹੋਈ ਕਿ ਕਲੀਸਿਯਾ ਜ਼ਿੰਦਾ ਹੈ ਅਤੇ ਤੁਹਾਡੇ ਕੋਲ ਇੱਥੇ ਇਹ ਸ਼ਾਨਦਾਰ ਸੁੰਦਰ ਇਮਾਰਤ ਹੈ, ਸਭ ਲਈ ਬੈਠਣ ਲਈ ਹੈ, ਗੱਡੀਆਂ ਖੜੀਆਂ ਕਰਨ ਲਈ ਬਹੁਤ ਸਾਰੀ ਥਾਂ ਹੈ। ਬੱਸ ਇੱਕ ਅਸਲ ਜਗ੍ਹਾ ਪਵਿੱਤਰ ਆਤਮਾ ਦੇ ਹੱਥਾਂ ਵਿੱਚ, ਜੇ ਅਸੀਂ ਉਸਨੂੰ ਵਿਖਾ ਸਕੀਏ ਅਤੇ ਜਾਣੂ ਕਰਵਾਈਏ ਕਿ ਅਸੀਂ ਬੇਦਾਰੀ ਲਈ ਪੁਕਾਰ ਰਹੇ ਹਾਂ। ਉਹ, ਮੈਨੂੰ ਵਿਸ਼ਵਾਸ ਹੈ ਕਿ ਉਹ ਇੱਕ ਦੇਵੇਗਾ।

11 ਹੁਣ, ਅੱਜ ਰਾਤ ਅਸੀਂ ਭਾਈ ਆਉਟਲਾ ਦੇ ਗਿਰਜੇ ਵਿੱਚ ਹਾਂ, ਯਿਸੂ ਨਾਮ ਦੇ ਗਿਰਜੇ ਵਿੱਚ, ਦੂਸਰੇ ਪਾਸੇ। ਅਤੇ ਭਰਾ ਆਉਟਲਾ, ਮੈਂ ਵਿਸ਼ਵਾਸ ਕਰਦਾ ਹਾਂ...ਅਪੋਸਟੋਲਿਕ ਚਰਚ, ਵੀ। ਮੈਨੂੰ ਲਗਦਾ ਹੈ ਕਿ ਉਹ ਸਿਰਫ ਆਪਣਾ ਨਾਮ, ਚਰਚ ਨੂੰ, ਯਿਸੂ ਨਾਮ ਬੁਲਾਉਂਦਾ ਹੈ। ਮੈਨੂੰ ਲਗਦਾ ਹੈ ਕਿ ਵਿਸ਼ਵਾਸ ਵਿੱਚ ਉਹ ਅਪੋਸਟੋਲਿਕ ਹੈ। ਅਤੇ ਇਸ ਲਈ ਅਸੀਂ ਅੱਜ ਰਾਤ ਉੱਥੇ ਹੋਵਾਂਗੇ। ਅਤੇ ਹੁਣ ਅਸੀਂ ਸਪੈਨਿਸ਼ ਚਰਚ ਨੂੰ ਇਹ ਨਹੀਂ ਕਹਿ ਰਹੇ, “ਹੁਣ ਉੱਥੇ ਆ ਜਾਉ,” ਕਿਉਂਕਿ ਤੁਸੀਂ ਆਪਣੇ ਕਰਤੱਵ ਦੇ ਸਥਾਨ ਤੇ ਰਹੋ। ਅਤੇ ਫਿਰ ਮਸੀਹੀ ਕਾਰੋਬਾਰੀ ਪੁਰਸ਼ਾਂ ਦੀ ਇੱਕ ਮਹਾਨ ਰੈਲੀ ਹੋਣ ਜਾ ਰਹੀ ਹੈ, ਵੀਰਵਾਰ ਤੋਂ ਸ਼ੁਰੂ ਹੋਵੇਗੀ, ਦੂਜੇ ਚਰਚਾਂ ਵਿੱਚ ਸਭਾਵਾਂ ਖਤਮ ਹੋਣ ਤੋਂ ਬਾਅਦ, ਵੀਰਵਾਰ ਨੂੰ। ਅਤੇ ਇਸ ਸੰਮੇਲਨ ਵਿੱਚ, ਉਨ੍ਹਾਂ ਕੋਲ ਸ਼ਾਨਦਾਰ ਬੁਲਾਰੇ ਹੋਣਗੇ, ਅਤੇ ਇਸ ਲਈ ਔਰਲ ਰੌਬਰਟਸ, ਅਤੇ ਕੁਝ ਮੈਥੋਡਿਸਟ ਭਾਈ ਜੋ ਹਾਲ ਹੀ ਵਿੱਚ ਬਚਾਏ ਗਏ ਹਨ, ਅਤੇ ਉਹ ਦਾਅਵਾ ਕਰਦੇ ਹਨ ਕਿ ਉਹ ਬਹੁਤ ਜਬਰਦਸਤ ਬੁਲਾਰਾ ਹੈ। ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਇਨ੍ਹਾਂ ਸੰਮੇਲਨਾਂ ਦਾ ਅਨੰਦ ਮਾਣੋਗੇ। ਅਤੇ ਤੁਸੀਂ ਕਿਸ਼ੋਰ-ਉਮਰ ਦੇ ਬੱਚਿਓ, ਉਨ੍ਹਾਂ ਨੇ ਕਿਸ਼ੋਰ-ਉਮਰ ਦੇ ਲੋਕਾਂ ਲਈ ਵੀ ਉੱਥੇ ਇੱਕ ਰੈਲੀ ਰੱਖੀ ਹੈ, ਜਿਵੇਂ ਕਿ ਭਾਈ ਨੇ ਹੁਣੇ ਐਲਾਨ ਕੀਤਾ ਸੀ। ਮੈਂ ਆਪਣੇ ਬੱਚਿਆਂ ਨੂੰ ਉੱਥੇ ਰੱਖ ਰਿਹਾ ਹਾਂ ਤਾਂ ਜੋ ਉਹ ਇਸ ਵਿੱਚ ਸ਼ਾਮਲ ਹੋ ਸਕਣ। ਅਤੇ ਇਸ ਲਈ ਹੁਣ ਆਓ, ਅਸੀਂ ਤੁਹਾਡੇ ਨਾਲ ਖੁਸ਼ ਹੋਵਾਂਗੇ। ਪ੍ਰਭੂ ਤੁਹਾਨੂੰ ਸਭਨਾਂ ਨੂੰ ਬਰਕਤ ਦੇਵੇ।

12 ਅਤੇ ਹੁਣ ਮੈਂ ਬਾਈਬਲ ਵਲ ਮੁੜਨਾ ਚਾਹੁੰਦਾ ਹਾਂ ਅਤੇ ਉਸ ਦੇ ਕੁਝ

ਮੁਬਾਰਕ ਵਚਨਾਂ ਨੂੰ ਪੜ੍ਹਨਾ ਚਾਹੁੰਦਾ ਹਾਂ। ਅਤੇ ਮੈਂ ਅੱਜ ਸਵੇਰ ਨੂੰ ਚੁਣਿਆ ਹੈ, ਬੱਸ ਥੋੜੇ ਸਮੇਂ ਲਈ, ਮੈਂ ਤੁਹਾਨੂੰ ਜਿਆਦਾ ਚਿਰ ਨਹੀਂ ਰੋਕਣਾ ਚਾਹੁੰਦਾ, ਕੁਝ ਆਇਤਾਂ, ਅਤੇ ਉਨ੍ਹਾਂ ਵਿੱਚੋਂ ਇੱਕ ਪਹਿਲੇ ਸਮੂਏਲ ਵਿੱਚ ਹੈ, ਦੂਸਰੀ ਯਸਾਯਾਹ ਵਿੱਚ ਹੈ। ਅਤੇ ਮੈਂ ਪਹਿਲਾਂ ਯਸਾਯਾਹ ਤੋਂ ਪੜ੍ਹਨਾ ਚਾਹਾਂਗਾ। ਅਤੇ ਮੈਂ…

13 ਕੀ ਤੁਸੀਂ ਬਿਲਕੁਲ ਠੀਕ ਸੁਣ ਸਕਦੇ ਹੋ, ਚਾਰੇ ਪਾਸੇ? ਇਨ੍ਹਾਂ ਮਾਈਕ ਦੇ ਵਿਚਕਾਰ, ਉਹ ਮੈਨੂੰ ਬਹੁਤ ਸੰਵੇਦਨਸ਼ੀਲ ਜਾਪਦੇ ਹਨ, ਮੈਨੂੰ ਨਹੀਂ ਪਤਾ ਕਿਉਂ। ਤੁਸੀਂ ਉਥੇ ਬਿਲਕੁਲ ਠੀਕ ਸੁਣ ਪਾ ਰਹੇ ਹੋ, ਆਪਣਾ ਹੱਥ ਉੱਪਰ ਕਰੋ। ਚੰਗਾ, ਠੀਕ ਹੈ।

14 ਹੁਣ, ਮੇਰੀ ਆਵਾਜ ਥੋੜੀ ਜਿਹੀ ਬੈਠੀ ਹੋਈ ਹੈ, ਬੇਸ਼ਕ, ਇਹ ਬਹੁਤ ਜ਼ਿਆਦਾ ਬੋਲਣ ਕਰਕੇ ਹੈ। ਅਤੇ ਕਿਉਂਕਿ ਮੈਂ ਇੱਥੇ ਇਨ੍ਹਾਂ ਸਪੈਨਿਸ਼ ਭਰਾਵਾਂ ਦੇ ਨਾਲ ਸੀ, ਲਗਭਗ 16 ਸਾਲ ਪਹਿਲਾਂ, ਮੇਰਾ ਅੰਦਾਜਾ ਹੈ, ਸ਼ਾਇਦ ਲਗਭਗ ਸੋਲਾਂ ਜਾਂ ਸਤਾਰਾਂ ਸਾਲ ਪਹਿਲਾਂ, ਖੈਰ, ਮੈਂ ਉਦੋਂ ਤੋਂ ਹੀ ਪ੍ਰਚਾਰ ਕਰ ਰਿਹਾ ਹਾਂ। ਇਸ ਲਈ ਮੈਂ ਉਦੋਂ ਥੱਕ ਗਿਆ ਸੀ, ਮੈਂ ਕਿਹਾ, ਅਤੇ ਮੈਂ ਅਜੇ ਵੀ ਥੱਕਿਆ ਹੋਇਆ ਹਾਂ, ਪਰ ਮੈਂ ਅਜੇ ਵੀ ਪਰਮੇਸ਼ੁਰ ਦੀ ਕਿਰਪਾ ਨਾਲ ਅੱਗੇ ਵਧ ਰਿਹਾ ਹਾਂ।

15 ਹੁਣ ਆਓ ਯਸਾਯਾਹ 40 ਵਲ੍ਹ ਮੁੜੀਏ, ਯਸਾਯਾਹ ਦਾ 40ਵਾਂ ਅਧਿਆਇ; ਅਤੇ ਪਹਿਲਾ ਅਧਿਆਇ, ਜਾਂ ਪਹਿਲੇ ਸੈਮੂਅਲ ਦਾ ਤੀਜਾ ਅਧਿਆਇ। ਅਤੇ ਜਦੋਂ ਅਸੀਂ ਵਚਨ ਪੜ੍ਹਨ ਲਈ ਉਨ੍ਹਾਂ ਥਾਵਾਂ ਨੂੰ ਖੋਲਿਆ ਹੋਇਆ ਹੈ, ਮੈਂ ਹੁਣ ਚਾਹੁੰਦਾ ਹਾਂ ਕਿ ਅਸੀਂ ਪ੍ਰਾਰਥਨਾ ਲਈ ਆਪਣੇ ਸਿਰਾਂ ਨੂੰ ਸਿਰਫ ਇੱਕ ਪਲ ਲਈ ਝੁਕਾਈਏ।

16 ਸਾਡੇ ਸਵਰਗੀ ਪਿਤਾ, ਅਸੀਂ ਅੱਜ ਇਸ ਸੁੰਦਰ ਸਥਾਨ ਵਿੱਚ ਖੜ੍ਹੇ ਹੋਣ ਦੇ ਇਸ ਸਨਮਾਨ ਲਈ ਧੰਨਵਾਦੀ ਹਾਂ ਜੋ ਪਰਮੇਸ਼ੁਰ ਅਤੇ ਉਸਦੇ ਕੰਮਾਂ ਨੂੰ ਸਮਰਪਿਤ ਹੈ। ਅਤੇ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਤੁਹਾਡੇ ਸੇਵਕ ਇਸ ਮੰਚ ਤੇ ਜਾਂ ਪੁਲਪਿਟ ਦੇ ਪਿੱਛੇ ਕਈ ਵਾਰ ਖੜ੍ਹੇ ਹੋਏ ਹਨ, ਅਤੇ ਤੁਹਾਡੀ ਸੇਵਾ ਨੂੰ ਸਮਰਪਿਤ ਜੀਵਨ ਦੇ ਨਾਲ।

17 ਅਤੇ *ਇਹ* ਕਿ, ਇਹ ਸਵੇਰ, ਯਾਦਾਂ ਨੂੰ ਵਾਪਸ ਲੈ ਕੇ ਆਉਂਦੀ ਹੈ, ਇੱਕ ਬੇਦਾਰੀ ਦੀਆਂ ਯਾਦਾਂ ਜੋ ਸਿਰਫ਼ ਸ਼ੁਰੂ ਹੋ ਰਹੀ ਸੀ, ਪਵਿੱਤਰ ਆਤਮਾ ਦੇ ਨਾਲ ਜੋ ਇੱਕ ਵੱਡੇ ਚਾਨਣ ਦੇ ਰੂਪ ਵਿੱਚ ਹੇਠਾਂ ਆਇਆ ਸੀ, ਜਿਵੇਂ ਕਿ ਇੱਕ ਅੱਗ ਦਾ ਥੰਮ੍ਹ, ਅਤੇ ਇਸ ਨੇ ਕਿਹਾ ਕਿ ਸੰਦੇਸ਼ ਨੂੰ ਧਰਤੀ ਨੂੰ ਹਿਲਾਉਣਾ ਚਾਹੀਦਾ ਹੈ। ਅਤੇ ਹੁਣ ਅੱਜ ਉਹ ਇਤਿਹਾਸ ਹੈ। ਸੰਦੇਸ਼ ਨੇ ਮਹਾਂ ਪੁਰਸ਼ਾਂ ਦੁਆਰਾ

ਅੱਗ ਫੜ ਲਈ ਹੈ, ਇਸ ਨੂੰ ਵੇਖਣ ਤੋਂ ਬਾਅਦ, ਜਿਵੇਂ ਓਰਲ ਰੌਬਰਟਸ ਅਤੇ ਟੌਮੀ ਓਸਬੋਰਨ, ਅਤੇ ਟੌਮੀ ਹਿਕਸ ਅਤੇ ਹੋਰ ਬਹੁਤ ਸਾਰੇ। ਅਤੇ ਉਨ੍ਹਾਂ ਯਤਨਾਂ ਦੁਆਰਾ ਜੋ ਅਸੀਂ ਮਿਲ ਕੇ ਕੀਤੇ ਹਨ, ਅਸੀਂ ਵੇਖਦੇ ਹਾਂ ਕਿ ਸੰਦੇਸ਼ ਨੇ ਆਕਾਸ਼ ਦੇ ਹੇਠ ਹਰੇਕ ਦੇਸ਼ ਵਿੱਚ ਬੇਦਾਰੀ ਦੀ ਅੱਗ ਲਗਾਈ ਹੈ, ਪੰਤੇਕੁਸਤ ਦੇ ਸੰਦੇਸ਼ ਦੀ। ਇਸ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਅਤੇ ਪ੍ਰਸ਼ੰਸਾ ਕਰਦੇ ਹਾਂ, ਹੇ ਸਰਬਸ਼ਕਤੀਮਾਨ ਪਰਮੇਸ਼ੁਰ।

18 ਅਤੇ ਹੁਣ ਅੱਜ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਡੇ ਦਿਲ ਨੂੰ ਸਥਿਰ ਕਰੋ, ਉਠਾਏ ਜਾਣ ਲਈ ਤਿਆਰ ਕਰੋ ਜੋ ਛੇਤੀ ਹੋਣ ਵਾਲਾ ਹੈ, ਅਸੀਂ ਵਿਸ਼ਵਾਸ ਕਰਦੇ ਹਾਂ। ਅਤੇ ਜੇ ਸਾਡੇ ਦਿਲ ਉਸ ਸਥਿਤੀ ਵਿੱਚ ਨਹੀਂ ਹਨ ਜਾਂ ਕਿਸੇ ਹੋਰ ਚੀਜ਼ ਲਈ ਜੋ ਤੁਸੀਂ ਸਾਡੇ ਲਈ ਰੱਖੀ ਹੈ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਡੀਆਂ ਕਮੀਆਂ ਨੂੰ ਮਾਫ਼ ਕਰੋ, ਅਤੇ ਅੱਜ ਸਾਡੇ ਨਾਲ ਆਪਣੇ ਵਚਨ ਰਾਹੀਂ ਗੱਲ ਕਰੋ। ਇਸ ਕਲੀਸੀਆ ਦੇ ਪਾਸਟਰ ਨੂੰ, ਇਸਦੇ ਡੀਕਨਾਂ, ਟਰੱਸਟੀਆਂ, ਅਤੇ ਸਾਰੇ ਲੇਵੀਆਂ, ਮੈਂਬਰਾਂ ਨੂੰ ਅਸ਼ੀਸ ਦਿਓ। ਇਸ ਛੋਟੀ ਗੀਤ ਮੰਡਲੀ, ਅਤੇ ਪਿਆਨੋਵਾਦਕ, ਸੰਗੀਤਕਾਰਾਂ ਨੂੰ ਅਸੀਸ ਦਿਓ। ਸਭਨਾਂ ਨੂੰ, ਉਨ੍ਹਾਂ ਨੂੰ ਬਰਕਤ ਦਿਓ ਜੋ ਇਸ ਸਥਾਨ ਦੇ ਦਰਵਾਜ਼ਿਆਂ ਵਿੱਚ ਦਾਖਲ ਹੁੰਦੇ ਹਨ। ਹੋਣ ਦੇ ਕਿ ਉਹ ਹਰ ਵਾਰ ਬਦਲੇ ਹੋਏ ਬਾਹਰ ਜਾਣ, ਉਸ ਨਾਲੋਂ ਥੋੜਾ ਜਿਹਾ ਹੋਰ ਤੁਹਾਡੇ ਨੇੜੇ ਜਦੋਂ ਉਹ ਅੰਦਰ ਆਏ ਸਨ। ਇਹ ਬਖ਼ਸ ਦਿਓ, ਪਿਤਾ। ਅਤੇ ਅਜਿਹਾ ਹੋ ਜਾਵੇ, ਅੱਜ ਸਵੇਰੇ ਹੀ, ਕਿਉਂਕਿ ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

19 ਹੁਣ ਯਸਾਯਾਹ ਦੀ ਕਿਤਾਬ ਵੱਲ ਮੁੜਦੇ ਹਾਂ, 40ਵਾਂ ਅਧਿਆਏ, ਅਸੀਂ ਪੜ੍ਹਾਂਗੇ।

*ਦਿਲਾਸਾ ਦਿਓ, ਮੇਰੀ ਪਰਜਾ ਨੂੰ ਦਿਲਾਸਾ ਦਿਓ, ਪਰਮੇਸ਼ੁਰ… ਆਖਦਾ ਹੈ।*

*ਯਰੂਸ਼ਲਮ ਨੂੰ ਦਿਲਾਸਾ ਦਿਓ, ਅਤੇ ਉਹ ਨੂੰ ਪੁਕਾਰ ਕੇ ਆਖੋ, ਕਿ ਉਹ ਦਾ ਜੁੱਧ ਪੂਰਾ ਹੋਇਆ, ਉਹ ਦੀ ਬਦੀ ਦਾ ਡੰਨ ਕਬੂਲ ਹੋਇਆ: ਕਿਉਂ ਜੋ ਉਹ* **ਯਹੋਵਾਹ** *ਦੇ ਹੱਥੋਂ ਆਪਣੇ ਸਾਰੇ ਪਾਪਾਂ ਦਾ…ਦੁਗਣਾ ਡੰਨ ਪਾ ਚੁੱਕਿਆ।*

*ਉਸ ਦੀ ਅਵਾਜ਼ ਜੋ ਉਜਾੜ ਵਿੱਚ ਪੁਕਾਰਦੀ ਹੈ,* **ਯਹੋਵਾਹ** *ਦਾ ਰਾਹ ਤਿਆਰ ਕਰੋ, ਬੇਆਬਾਨ ਵਿੱਚ ਸਾਡੇ ਪਰਮੇਸ਼ੁਰ ਲਈ ਇੱਕ ਰਾਜਮਾਰਗ ਨੂੰ ਸਿੱਧਾ ਬਣਾਓ।*

*ਹਰੇਕ ਦੂਣ ਉੱਚੀ ਕੀਤੀ ਜਾਵੇਗੀ, ਅਤੇ ਹਰੇਕ ਪਹਾੜ ਅਰ ਟਿੱਬਾ ਨੀਵਾਂ ਕੀਤਾ ਜਾਵੇਗਾ: ਖੁਰਦਲਾ ਪੱਧਰਾ ਅਰ ਬਿਖਰੇ ਥਾਂ ਮਦਾਨ ਹੋਣਗੇ:*

***ਯਹੋਵਾਹ*** *ਦਾ ਪਰਤਾਪ ਪਰਗਟ ਹੋਵੇਗਾ, ਅਤੇ ਸਭ ਬਸ਼ਰ ਇਕੱਠੇ ਵੇਖਣਗੇ:* ***ਯਹੋਵਾਹ*** *ਦਾ ਮੂੰਹ ਜੋ ਇਹ ਬੋਲਿਆ ਹੈ।*

ਹੁਣ ਸਮੂਏਲ ਦੀ ਕਿਤਾਬ ਵਿੱਚ, ਪਹਿਲਾ ਸਮੂਏਲ, ਤੀਜਾ ਅਧਿਆਇ, ਮੈਂ ਪਹਿਲੀ, ਦੂਜੀ, ਅਤੇ ਉਨ੍ਹੀਵੀਂ ਆਇਤ ਨੂੰ ਪੜ੍ਹਨਾ ਚਾਹੁੰਦਾ ਹਾਂ:

*ਉਹ ਮੁੰਡਾ ਸਮੂਏਲ ਏਲੀ ਦੇ ਸਾਹਮਣੇ* ***ਯਹੋਵਾਹ*** *ਦੀ ਟਹਿਲ ਕਰਦਾ ਸੀ। ਅਤੇ ਉਨ੍ਹਾਂ ਦਿਨਾਂ ਵਿੱਚ* ***ਯਹੋਵਾਹ*** *ਦੀ ਬਾਣੀ ਵੱਡੀ ਦੁਰਲੱਭ ਸੀ; ਕਿਉਂ ਜੋ ਦਰਸ਼ਣ ਘੱਟ ਹੁੰਦਾ ਸੀ।*

*ਅਤੇ ਉਸ ਵੇਲੇ ਅਜਿਹਾ ਹੋਇਆ, ਜਾਂ ਏਲੀ ਆਪਣੇ ਥਾਂ ਲੰਮਾ ਪਿਆ ਸੀ, ਅਤੇ ਉਹ ਦੀਆਂ ਅੱਖੀਆਂ ਅਜਿਹੀਆਂ ਚੁੰਨ੍ਹੀਆਂ ਹੋਣ ਲਗੀਆਂ, ਜੋ ਉਹ ਵੇਖ ਨਹੀਂ ਸੱਕਦਾ ਸੀ;*

*…ਅਤੇ ਪਰਮੇਸ਼ੁਰ ਦਾ ਦੀਵਾ ਜੋ* ***ਯਹੋਵਾਹ*** *ਦੀ ਹੈਕਲ ਵਿੱਚ, ਜਿੱਥੇ ਪਰਮੇਸ਼ੁਰ ਦਾ ਸੰਦੂਕ ਸੀ ਅਜੇ ਨਹੀਂ ਬੁੱਝਿਆ ਸੀ, ਅਤੇ ਸਮੂਏਲ ਲੰਮਾ ਪਿਆ ਹੋਇਆ ਸੀ;*

*ਤਾਂ* ***ਯਹੋਵਾਹ*** *ਨੇ ਸਮੂਏਲ ਨੂੰ ਸੱਦਿਆ…ਅਤੇ ਉਹ ਬੋਲਿਆ, ਮੈਂ ਹਾਜ਼ਰ ਹਾਂ।*

19ਵੀਂ ਆਇਤ:

*ਸਮੂਏਲ ਵਧਦਾ ਗਿਆ, ਅਤੇ* ***ਯਹੋਵਾਹ*** *ਉਹ ਦੇ ਸੰਗ ਸੀ, ਅਤੇ ਉਸ ਨੇ ਉਹ ਦੀ ਕੋਈ ਗੱਲ ਧਰਤੀ ਉੱਤੇ ਅਕਾਰਥੀ ਨਾ ਡਿੱਗਣ ਦਿੱਤੀ।*

20 ਔਹ, ਇਹ ਕਾਫ਼ੀ ਆਇਤਾਂ ਹਨ ਜਿਸ ਬਾਰੇ ਅਸੀਂ ਇੱਥੇ ਇੱਕ ਮਹੀਨੇ ਲਈ ਗੱਲ ਕਰ ਸਕਦੇ ਹਾਂ, ਅਤੇ ਅਸੀਂ ਇਹਨਾਂ ਸ਼ਾਨਦਾਰ ਆਇਤਾਂ ਤੋਂ ਬਹੁਤ ਸਾਰਾ ਵਿਸ਼ਾ ਪ੍ਰਾਪਤ ਕਰ ਸਕਦੇ ਹਾਂ। ਪਰ ਇਸ ਸਵੇਰ, ਅਤੇ ਸਾਡੇ ਕੋਲ ਆਪਣੇ ਸਹੀ ਸਮੇਂ ਤੇ ਬਾਹਰ ਆਉਣ ਲਈ ਲਗਭਗ ਵੀਹ ਮਿੰਟ ਹਨ…ਮੇਰਾ ਅਨੁਮਾਨ ਹੈ ਕਿ ਐਤਵਾਰ ਦਾ ਸਕੂਲ ਖ਼ਤਮ ਹੋ ਗਿਆ ਹੈ ਜਾਂ ਸ਼ਾਇਦ ਇਹ ਇਸਦੇ ਬਾਅਦ ਹੈ, ਮੈਨੂੰ ਨਹੀਂ ਪਤਾ। ਪਰ, ਫਿਰ ਵੀ, ਮੈਂ ਇਸ ਵਿਸ਼ੇ ਨੂੰ ਲੈਣਾ ਚਾਹੁੰਦਾ ਹਾਂ, *ਇਨ੍ਹਾਂ ਅਖ਼ੀਰਲੇ ਦਿਨਾਂ ਵਿਚ ਪਰਮੇਸ਼ੁਰ ਦੀ ਅਵਾਜ਼।*

21 ਇਹ ਬਹੁਤ ਹੀ ਖਾਸ ਸਮਾਂ ਹੈ। ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਲਿਖਤਾਂ ਵਿਚੋਂ ਕਿੱਥੋਂ ਬੋਲ ਰਹੇ ਹਾਂ, ਕਿ ਇਸ ਨੇ ਕਿਹਾ, "ਸੈਮੂਅਲ ਦੇ ਦਿਨਾਂ ਵਿੱਚ ਕੋਈ ਖੁੱਲਾ ਦਰਸ਼ਨ ਨਹੀਂ ਸੀ।" ਇਸ ਲਈ, "ਜਿੱਥੇ ਕੋਈ ਦਰਸ਼ਨ ਨਹੀਂ ਹੈ," ਬਾਈਬਲ ਨੇ ਕਿਹਾ, "ਲੋਕ ਨਾਸ਼ ਹੋ ਜਾਂਦੇ ਹਨ।" ਸਾਡੇ ਕੋਲ ਇੱਕ ਦਰਸ਼ਨ ਹੋਣਾ ਚਾਹੀਦਾ ਹੈ। ਅਤੇ ਦਰਸ਼ਨ ਨਬੀਆਂ ਦੇ ਕੋਲ ਆਉਂਦੇ ਹਨ, ਅਤੇ ਇਹ ਪ੍ਰਭੂ ਦਾ ਵਚਨ ਹੈ ਜੋ ਉਨ੍ਹਾਂ ਨਾਲ ਬੋਲਦਾ ਹੈ।

22 ਅਤੇ ਸਾਨੂੰ ਪਤਾ ਲਗਦਾ ਹੈ ਕਿ ਏਲੀ ਇੱਕ ਨਬੀ ਨਹੀਂ ਸੀ, ਏਲੀ ਇੱਕ ਜਾਜਕ ਸੀ। ਅਤੇ ਉਹ ਬੁੱਢਾ ਹੋ ਰਿਹਾ ਸੀ, ਅਤੇ ਉਸਦੀਆਂ ਅੱਖਾਂ ਧੁੰਦਲੀਆਂ ਹੋ ਰਹੀਆਂ ਸਨ, ਅਤੇ ਉਹ ਆਲੇ ਦੁਆਲੇ ਜਾਣ ਲਈ ਵੇਖ ਨਹੀਂ ਸਕਦਾ ਸੀ, ਇੱਕ ਬਹੁਤ ਭਾਰਾ ਆਦਮੀ ਸੀ। ਅਤੇ ਉਸਨੇ ਪ੍ਰਭੂ ਦੇ ਕੰਮ ਨੂੰ ਅਣਗੌਲਿਆ ਕਰਨਾ ਸ਼ੁਰੂ ਕਰ ਦਿੱਤਾ ਸੀ।

23 ਅਤੇ ਇਹ ਕੁਝ ਅਜਿਹਾ ਹੀ ਹੈ ਜੋ ਅੱਜ ਵਰਗਾ ਹੈ। ਮੈਨੂੰ ਲਗਦਾ ਹੈ ਕਿ ਕਲੀਸਿਯਾ, ਸੰਗਠਨ ਅਤੇ ਨਾਮਧਾਰੀ ਕਲੀਸਿਯਾਂ, ਉਹ ਲੰਬੇ ਸਮੇਂ ਤੋਂ ਮੈਦਾਨ ਵਿੱਚ ਹਨ, ਅਤੇ ਉਹ ਢਿੱਲੇ ਪੈਣ ਲੱਗੇ ਪਏ ਹਨ। ਅਤੇ ਪ੍ਰਭੂ ਦਾ ਕੰਮ ਅਧੂਰਾ ਛੱਡਿਆ ਜਾ ਰਿਹਾ ਹੈ, ਸੱਚਾਈ ਦਾ ਵਚਨ, ਕਿਉਂਕਿ ਕਲੀਸਿਯਾ, ਆਪਣੇ ਆਪ ਵਿੱਚ, ਧੁੰਦਲੀ-ਨਿਗਾਹ ਵਾਲੀ ਹੋ ਗਈ ਹੈ। ਅਤੇ ਸਾਨੂੰ ਲੋੜ ਹੈ, ਅੱਜ, ਪਰਮੇਸ਼ੁਰ ਦੀ ਅਵਾਜ਼ ਸਾਡੇ ਵਿੱਚ ਬੋਲੇ, ਸਾਨੂੰ ਵਾਪਸ ਲਿਆਵੇ।

24 ਅਤੇ, ਵੇਖੋ, ਏਲੀ ਲੰਮਾ ਪਿਆ ਸੀ, ਅਤੇ…ਉਸਦੀ ਨਿਗਾਹ ਖਰਾਬ ਹੋ ਰਹੀ ਸੀ। ਉਹ ਇੱਕ ਜਾਜਕ ਸੀ। ਅਤੇ ਉਨ੍ਹਾਂ ਕੋਲ ਯਹੋਵਾਹ ਵੱਲੋਂ ਕੋਈ ਖੁੱਲਾ ਦਰਸ਼ਨ ਨਹੀਂ ਸੀ। ਅਤੇ ਉਹ ਵੱਡੀ ਲੋੜ!

25 ਅਤੇ ਪਰਮੇਸ਼ੁਰ ਨੇ ਸਮੇਂ ਦੀ ਲੋੜ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਹੈ। ਉਹ ਹਮੇਸ਼ਾ ਅਜਿਹਾ ਕਰਦਾ ਹੈ। ਅਤੇ ਸਾਨੂੰ ਅੱਜ ਪਰਮੇਸ਼ੁਰ ਦੀ ਅਵਾਜ਼ ਦੀ ਲੋੜ ਹੈ, ਸਮੇਂ ਦੀ ਲੋੜ ਨੂੰ ਪੂਰਾ ਕਰਨ ਲਈ, ਉਸ ਸਮੇਂ ਦੀ ਲੋੜ ਨੂੰ ਪੂਰਾ ਕਰਨ ਲਈ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਅਤੇ ਉਸਦੇ ਵਾਅਦਾ ਕਰਨ ਤੋਂ ਬਾਅਦ, ਅਸੀਂ ਭਰੋਸਾ ਕਰ ਸਕਦੇ ਹਾਂ ਕਿ ਉਹ ਆਪਣਾ ਵਾਅਦਾ ਪੂਰਾ ਕਰੇਗਾ। ਇਹੀ ਵਿਸ਼ਵਾਸ ਹੈ ਜੋ ਵਿਸ਼ਵਾਸੀ ਨੂੰ ਉਸਦੇ ਨਿਰਮਾਤਾ ਵਿੱਚ ਹੈ, ਕਿ ਉਸਨੇ ਲੋੜ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ।

26 ਅਤੇ, ਅੱਜ, ਇੱਕ ਕਾਰਨ ਕਿ ਕਲੀਸਿਯਾ ਇਸ ਸਥਿਤੀ ਵਿੱਚ ਹੈ, ਇਸ ਲਈ ਕਿਉਂਕਿ ਇੱਥੇ ਬਹੁਤ ਸਾਰੀਆਂ ਆਵਾਜ਼ਾਂ ਹਨ, ਕਲੀਸਿਯਾ ਨੂੰ ਪਰਮੇਸ਼ੁਰ ਦੀ ਆਵਾਜ਼ ਤੋਂ ਦੂਰ ਕਰਨ ਲਈ ਬਹੁਤ ਸਾਰੀਆਂ ਹੋਰ ਅਵਾਜ਼ਾਂ, ਇਥੋਂ ਤੱਕ ਕਿ ਬਹੁਤ ਔਖਾ ਹੈ ਕਿ ਬਹੁਤ ਸਾਰੇ ਪਰਮੇਸ਼ੁਰ ਦੀ ਅਵਾਜ਼ ਸੁਣ ਪਾਉਣ ਹਾਲਾਂਕਿ

ਇਹ ਬਿਲਕੁਲ ਉਨ੍ਹਾਂ ਦੇ ਵਿਚਕਾਰ ਬੋਲੀ ਜਾ ਰਹੀ ਹੈ। ਉਹ ਸ਼ਾਇਦ ਇਸ ਨੂੰ ਸਮਝ ਵੀ ਨਹੀਂ ਸਕਣਗੇ, ਕਿਉਂਕਿ ਇਹ ਉਨ੍ਹਾਂ ਲਈ ਪਰਾਈ ਚੀਜ਼ ਹੋਵੇਗੀ। ਉਨ੍ਹਾਂ ਨੇ ਆਪਣੇ ਆਪ ਨੂੰ ਦਿਨ ਦੀਆਂ ਆਵਾਜ਼ਾਂ ਤੇ ਬਹੁਤ ਜ਼ਿਆਦਾ ਕੇਂਦਰਿਤ ਕਰ ਲਿਆ ਹੈ!

27 ਅਤੇ ਜੇ ਅਸੀਂ ਗੌਰ ਕਰੀਏ, ਲਿਖਤਾਂ ਨੂੰ ਪੜ੍ਹਦਿਆਂ, ਕਿ ਪਰਮੇਸ਼ੁਰ ਦੀ ਅਵਾਜ਼ ਉਨ੍ਹਾਂ ਲਈ ਪਰਾਈ ਸੀ।

28 ਅਤੇ ਇਹ ਅੱਜ ਫਿਰ ਉਸੇ ਤਰ੍ਹਾਂ ਬਣ ਗਿਆ ਹੈ, ਕਿ ਪਰਮੇਸ਼ੁਰ ਦੀ ਅਵਾਜ਼...ਹੋਰ ਬਹੁਤ ਸਾਰੀਆਂ ਆਵਾਜ਼ਾਂ ਹਨ। ਅਤੇ ਫਿਰ ਜੇ ਪਰਮੇਸ਼ੁਰ ਨੇ ਵਾਅਦਾ ਕੀਤਾ ਕਿ ਉਹ ਸਾਨੂੰ ਇਹ ਦੇਵੇਗਾ, ਅਤੇ ਜੇ ਹੋਰ ਆਵਾਜ਼ਾਂ ਪਰਮੇਸ਼ੁਰ ਦੀ ਆਵਾਜ਼ ਦੇ ਉਲਟ ਹਨ, ਫਿਰ ਇਹ ਸਾਡੇ ਦੁਸ਼ਮਣ ਦੀ ਆਵਾਜ਼ ਹੋਣੀ ਚਾਹੀਦੀ ਹੈ, ਸਾਨੂੰ ਉਲਝਾਉਣ ਲਈ, ਕਿ ਜੱਦ ਪਰਮੇਸ਼ੁਰ ਦੀ ਅਵਾਜ਼ ਇਸ ਨੂੰ ਬੋਲੇ ਤਾਂ ਅਸੀਂ ਇਸ ਨੂੰ ਸਮਝ ਨਾ ਸਕੀਏ।

29 ਅਤੇ ਅਸੀਂ ਦੇਖਿਆ ਕਿ ਏਲੀ ਅਤੇ ਸੈਮੂਅਲ ਦੇ ਨਾਲ ਕੁਝ ਅਜਿਹਾ ਹੀ ਸੀ, ਪਰ ਏਲੀ ਨੇ ਤੁਰੰਤ ਪਛਾਣ ਲਿਆ ਕਿ ਇਹ ਪਰਮੇਸ਼ੁਰ ਸੀ। ਅਤੇ ਇਹ ਏਲੀ ਉੱਤੇ ਬਿਲਕੁਲ ਇੱਕ—ਇੱਕ ਫਿਟਕਾਰ ਸੀ। ਕਿਉਂਕਿ, ਪਰਮੇਸ਼ੁਰ ਦੀ ਅਵਾਜ਼ ਨੇ, ਸਮੂਏਲ ਨਾਲ ਗੱਲ ਕਰਦਿਆਂ, ਉਸਨੂੰ ਏਲੀ ਦੇ ਗਲਤ ਕੰਮਾਂ ਬਾਰੇ ਦੱਸਿਆ ਸੀ, ਕਿਉਂਕਿ ਉਸਨੇ ਆਪਣੇ ਪੁੱਤਰਾਂ ਨੂੰ ਪਾਲਿਆ ਸੀ, ਅਤੇ ਉਹ ਭੇਟਾਂ ਤੋਂ ਪੈਸੇ ਅਤੇ—ਅਤੇ ਮਾਸ ਲੈ ਰਹੇ ਸਨ। ਇਹ ਸਹੀ ਨਹੀਂ ਸੀ। ਅਤੇ ਉਹ ਗਲਤ ਕੰਮ ਕਰ ਰਹੇ ਸਨ, ਪਰਮੇਸ਼ੁਰ ਦੇ ਵਚਨ ਦੇ ਉਲਟ।

30 ਅਤੇ ਸੈਮੂਏਲ ਕੋਲ...ਸਿਰਫ ਇੱਕ ਚੀਜ਼ ਸੀ ਜੋ ਸਮੂਏਲ ਕਰ ਸਕਦਾ ਸੀ, ਬਿਲਕੁਲ ਉਹੀ ਬੋਲਣਾ। ਅਤੇ ਉਹ ਅਜਿਹਾ ਕਰਨ ਤੋਂ ਥੋੜਾ ਝਿਜਕਦਾ ਸੀ, ਕਿਉਂਕਿ ਇਹ ਉਸ ਜਗ੍ਹਾ ਦੇ ਵਿਰੁੱਧ ਸੀ ਜਿੱਥੇ ਉਸਨੂੰ ਵੱਡਾ ਹੋਣ ਲਈ ਭੇਜਿਆ ਗਿਆ ਸੀ, ਏਲੀ ਅਤੇ ਮੰਦਰ ਵਿੱਚ। ਪਰ ਏਲੀ ਨੇ ਕਿਹਾ, “ਬੋਲ।” ਵੇਖਿਆ? ਅਤੇ ਉਸਨੇ ਉਸਨੂੰ ਬਿਲਕੁਲ ਉਹੀ ਦੱਸਿਆ ਜੋ ਹੋਣ ਵਾਲਾ ਸੀ, ਕਿ ਸਮੂਏਲ...ਜਾਂ, “ਏਲੀ ਦੇ ਦਿਨ ਖਤਮ ਹੋ ਗਏ ਸਨ, ਇੱਕ ਜਾਜਕ ਵਜੋਂ,” ਕਿਉਂਕਿ ਪਰਮੇਸ਼ੁਰ ਬੋਲਿਆ ਸੀ, ਅਤੇ ਪਰਮੇਸ਼ੁਰ ਆਪਣਾ ਅੰਦੇਸ਼ ਸਮੂਏਲ ਨਬੀ ਰਾਹੀਂ ਭੇਜ ਰਿਹਾ ਸੀ। ਬਹੁਤ ਹੀ ਵਿਚਿਤ੍ਰ ਜਨਮ, ਬਾਲਕਪੁਣੇ ਤੋਂ ਯਹੋਵਾਹ ਨੂੰ ਸਮਰਪਿਤ। ਪਰਮੇਸ਼ੁਰ ਉਸ ਨਾਲ ਬੋਲਿਆ, ਜੱਦ ਉਹ ਇੱਕ ਬਾਲਕ ਸੀ, ਅਤੇ ਉਸਨੂੰ ਉਸ ਕੰਮ ਲਈ ਤਿਆਰ ਕਰ ਰਿਹਾ ਸੀ ਜੋ ਅੱਗੇ ਰੱਖਿਆ ਗਿਆ ਸੀ। ਅਤੇ ਏਲੀ ਦਾ ਸਮਾਂ ਸਮਾਪਤ ਹੋ ਰਿਹਾ ਸੀ।

31 ਅੱਜ ਧਰਤੀ ਉਤੇ ਬਹੁਤ ਸਾਰੀਆਂ ਅਵਾਜ਼ਾਂ ਹਨ, ਕਿ ਇਹ ਇੱਕ ਬਹੁਤ ਹੀ ਔਖੀ ਗਲ ਹੈ, ਕਿਉਂਕਿ ਇਹ ਅਲੌਕਿਕ ਦੀ ਅਵਾਜ਼ ਨੂੰ ਦੱਬ ਦਿੰਦਿਆਂ ਹਨ। ਇੱਥੇ ਬਹੁਤ ਸਾਰੀਆਂ ਬੌਧਿਕ ਆਵਾਜ਼ਾਂ ਹਨ, ਸ਼ਕਤੀਸ਼ਾਲੀ ਮਨੁੱਖਾਂ ਦੀਆਂ ਮਹਾਨ ਆਵਾਜ਼ਾਂ ਜੋ ਬੁੱਧੀਜੀਵੀ ਹਨ, ਜੋ, ਉਨ੍ਹਾਂ ਦੇ ਬੌਧਿਕ ਹਾਲਾਤਾਂ ਵਿੱਚ, ਰਾਸ਼ਟਰਾਂ ਨੂੰ ਵੀ ਹਿਲਾ ਦਿੰਦੇ ਹਨ। ਉਹ ਸਿਰਫ ਰਾਤੋ-ਰਾਤ ਦੇ ਲੋਕ ਨਹੀਂ ਹਨ, ਪਰ ਉਹ ਰਾਸ਼ਟਰਾਂ ਨੂੰ ਹਿਲਾਉਂਦੇ ਹਨ, ਮਹਾਨ ਸੰਗਠਨਾਂ ਨੂੰ ਇਕੱਠੇ ਕਰਦੇ ਹਨ, ਸ਼ਾਨਦਾਰ ਮੁਹਿੰਮਾਂ, ਫੁੱਲਦਾਰ। ਅਤੇ ਇੱਕ ਵਿਅਕਤੀ ਥੋੜਾ ਜਿਹਾ ਉਲਝ ਜਾਵੇਗਾ। ਇਹ ਉਨ੍ਹਾਂ ਨੂੰ ਉਲਝਾਉਣ ਲਈ ਕਾਫ਼ੀ ਹੈ, ਇਹ ਚੀਜਾਂ ਅੱਗੇ ਵੱਧਦੀਆਂ ਹਨ ਅਤੇ ਖੁਸ਼ਹਾਲ ਹੁੰਦੀਆਂ ਹਨ। ਅਤੇ ਅਜਿਹੀਆਂ ਆਵਾਜ਼ਾਂ ਹਨ ਜੋ—ਜੋ ਉਠਦੀਆਂ ਹਨ ਅਤੇ ਇਹ ਕੰਮ ਕਰਦੀਆਂ ਹਨ, ਅਤੇ ਇਸ ਕਾਰਨ ਪਰਮੇਸ਼ੁਰ ਦੀ ਅਵਾਜ਼ ਨੂੰ ਕਿਤੇ ਪਿੱਛੇ ਰੱਖ ਦਿਤਾ ਜਾਂਦਾ ਹੈ, ਪਰਮੇਸ਼ੁਰ ਦੀ ਸੱਚੀ ਆਵਾਜ਼।

32 “ਅਤੇ ਪਰਮੇਸ਼ੁਰ ਦੀ ਅਵਾਜ਼,” ਉਹ ਕਹਿੰਦੇ ਹਨ, “ਅਸੀਂ ਕਿਵੇਂ ਜਾਣਾਂਗੇ ਕਿ ਇਹ ਪਰਮੇਸ਼ੁਰ ਦੀ ਅਵਾਜ਼ ਹੈ?” ਕਿਉਂਕਿ, ਅੱਜ ਲਈ…ਉਸ ਵੇਲੇ ਇਹ ਇੱਕ ਪ੍ਰਮਾਣਿਤ ਨਬੀ ਵਿੱਚ ਸੀ। ਹੁਣ, ਅੱਜ, ਅਸੀਂ ਕਿਵੇਂ ਜਾਣਦੇ ਹਾਂ ਕਿ ਇਹ ਪਰਮੇਸ਼ੁਰ ਦੀ ਅਵਾਜ਼ ਹੈ, ਕਿਉਂਕਿ ਇਹ ਨਬੀ ਦੇ ਵਚਨ ਦਾ ਪ੍ਰਗਟ ਹੋਣਾ ਹੈ। *ਇਹ* ਪਰਮੇਸ਼ੁਰ ਦਾ ਨਬੀ ਹੈ। ਅਤੇ ਪਰਮੇਸ਼ੁਰ ਦੀ ਸੱਚੀ ਆਵਾਜ਼ ਸਿਰਫ ਉਸ ਅਸਲੀ, ਜੀਉਂਦੇ, ਅਲੌਕਿਕ ਪਰਮੇਸ਼ੁਰ ਨੂੰ ਵਾਪਸ ਲਿਆਉਂਦੀ ਹੈ, ਉਸਦੇ ਅਲੌਕਿਕ ਵਚਨ ਦੇ ਨਾਲ, ਸੱਚੇ ਵਚਨ ਦੇ ਅਲੌਕਿਕ ਪ੍ਰਗਟਾਵੇ ਦੇ ਨਾਲ। ਉਦੋਂ ਅਸੀਂ ਜਾਣਦੇ ਹਾਂ ਕਿ ਇਹ ਪਰਮੇਸ਼ੁਰ ਦੀ ਅਵਾਜ਼ ਹੈ। ਕਿਉਂਕਿ, ਅਤੇ ਉਹ ਅਲੌਕਿ-…ਹੋਰ ਖੇਤਰਾਂ ਵਿੱਚ ਹੋਰ ਬਹੁਤ ਕੁਝ ਹੈ, ਜੋ ਉਸ ਨੂੰ ਲਗਭਗ ਦੱਬ ਦਿੰਦਾ ਹੈ। ਪਰ, ਯਾਦ ਰੱਖੋ, ਇਹ ਚਮਕੇਗਾ, ਇਹ ਸਾਹਮਣੇ ਆਵੇਗਾ! ਇਹ ਇਸ ਨੂੰ ਕਰੇਗਾ।

33 ਹੁਣ, ਰਾਜਨੀਤੀ ਦੀ ਦੁਨੀਆ ਵਿੱਚ ਅੱਜ ਇੱਕ ਆਵਾਜ਼ ਹੈ। ਇਹ ਬਹੁਤ ਮਹਾਨ ਆਵਾਜ਼ ਹੈ। ਅਤੇ ਲੋਕ, ਬਿਲਕੁਲ, ਰਾਜਨੀਤੀ ਦੇ ਇਸ ਮਹਾਨ ਦਿਨ ਵਿੱਚ, ਉਹ…ਇਹ ਸਭ ਉਨ੍ਹਾਂ ਦੇ ਗਿਰਜਿਆਂ ਅਤੇ ਹਰ ਚੀਜ਼ ਵਿੱਚ ਰਲਿਆ ਹੋਇਆ ਹੈ। ਅਤੇ ਕਈ ਵਾਰ, ਜੋ ਕਿ ਅਸੀਂ ਹੁਣੇ ਹੁਣੇ ਵੇਖਿਆ ਹੈ, ਕਿ ਰਾਜਨੀਤੀ ਦੀ ਆਵਾਜ਼ ਅਸਲ ਵਿੱਚ ਵਧੇਰੇ ਮਜ਼ਬੂਤ ਹੈ ਕਲੀਸਿਯਾਂ ਵਿੱਚ ਪਰਮੇਸ਼ੁਰ ਦੀ ਅਵਾਜ਼ ਨਾਲੋਂ, ਨਹੀਂ ਤਾਂ ਅਮਰੀਕੀ ਲੋਕਾਂ ਨੇ ਉਹ ਕਦੇ ਨਹੀਂ ਕੀਤਾ ਹੁੰਦਾ ਜੋ ਉਨ੍ਹਾਂ ਨੇ ਹੁਣੇ ਕੀਤਾ ਹੈ। ਸਮਝੇ? ਉਨ੍ਹਾਂ ਨੇ ਇਹ ਕਦੇ ਨਹੀਂ ਕੀਤਾ ਹੁੰਦਾ। ਜੇ ਕਲੀਸਿਯਾ ਵਿੱਚ ਪਰਮੇਸ਼ੁਰ ਦੀ ਅਵਾਜ਼ ਨੂੰ ਜ਼ਿੰਦਾ ਰੱਖਿਆ ਜਾਂਦਾ, ਤਾਂ ਉਨ੍ਹਾਂ ਨੇ ਕਦੇ ਵੀ ਉਹ ਗਲਤੀਆਂ ਨਾ ਕੀਤੀਆਂ ਹੁੰਦੀਆਂ। ਪਰ ਰਾਜਨੀਤੀ

ਦੀ ਆਵਾਜ਼ ਅੱਜ ਧਰਤੀ ਉੱਤੇ ਪਰਮੇਸ਼ੁਰ ਦੀ ਅਵਾਜ਼ ਨਾਲੋਂ ਬਹੁਤ ਜਿਆਦਾ ਮਜ਼ਬੂਤ ਹੈ, ਇਥੋਂ ਤੱਕ ਕਿ ਲੋਕਾਂ ਨੇ ਆਪਣੇ ਮਸੀਹੀ ਜਨਮਸਿੱਧ ਅਧਿਕਾਰ ਨੂੰ ਪ੍ਰਸਿੱਧੀ, ਸਿੱਖਿਆ, ਅਤੇ ਰਾਜਨੀਤਿਕ ਸ਼ਕਤੀ ਦੀ ਗੰਦਗੀ ਲਈ ਵੇਚ ਦਿੱਤਾ ਹੈ। ਇਸ ਨੂੰ ਵੇਖਣਾ ਬਹੁਤ ਸ਼ਰਮਨਾਕ ਹੈ। ਸਾਡਾ ਦੇਸ਼ ਜਿਸ ਚੀਜ਼ ਤੇ ਬਣਿਆ ਸੀ, ਜਿਸ ਉੱਤੇ ਇਹ ਬਣਿਆ ਸੀ, ਲੋਕ ਬਿਲਕੁਲ ਵਾਪਸ ਮੁੜ ਗਏ ਅਤੇ—ਅਤੇ ਉਸ ਚੀਜ ਲਈ ਵੋਟ ਦਿੱਤੀ ਜਿਸ ਲਈ ਅਸੀਂ ਦੂਸਰਾ ਦੇਸ਼ ਛਡਿਆ ਸੀ। ਅਤੇ—ਅਤੇ ਪਲਾਈਮਾਉਥ ਰੌਕ, ਅਤੇ *ਮੇਫਲਾਵਰ* ਅਤੇ ਉਹ, ਇੱਥੇ ਆਏ ਅਤੇ—ਅਤੇ ਇਸ ਮਹਾਨ ਅਰਥ ਵਿਵਸਥਾ ਦੀ ਸਥਾਪਨਾ ਕੀਤੀ ਜੋ ਸਾਡੇ ਕੋਲ ਹੈ। ਉਹੀ ਚੀਜ਼ ਹੈ ਜਿਸ ਤੋਂ ਬਾਹਰ ਆਉਣ ਲਈ ਅਸੀਂ ਬਹੁਤ ਸਖਤ ਲੜਾਈ ਲੜੀ ਹੈ, ਅਸੀਂ ਆਪਣੇ ਆਪ ਨੂੰ ਦੁਬਾਰਾ ਇਸਦੇ ਸ਼ਿਕੰਜੇ ਵਿੱਚ ਪਾ ਦਿੱਤਾ ਹੈ, ਕਿਉਂਕਿ ਬਾਈਬਲ ਕਹਿੰਦੀ ਹੈ ਕਿ ਇਹ ਇਸ ਤਰ੍ਹਾਂ ਹੋਵੇਗਾ।

34 ਅਤੇ ਏਲੀ ਦੀ ਪ੍ਰਣਾਲੀ: ਇੱਕ ਨਬੀ ਦੀ ਬਜਾਏ ਇੱਕ ਜਾਜਕ। ਨਬੀ ਵਚਨ ਹੈ। ਅਤੇ ਜਾਜਕ ਕਲੀਸਿਯਾ ਸੀ।

35 ਅਤੇ ਇਹ ਇੱਕ ਅਜਿਹੀ ਹਾਲਤ ਵਿੱਚ ਪਹੁੰਚ ਗਈ ਕਿ ਇਹ ਐਨੀ ਢਿੱਲੀ ਹੋ ਗਈ ਕਿ ਵਚਨ ਲੋਕਾਂ ਲਈ ਪਰਾਇਆ ਹੋ ਗਿਆ। ਉਹ ਇਸ ਨੂੰ ਨਹੀਂ ਸਮਝਦੇ। ਫਿਰ ਤੁਸੀਂ ਇਸਨੂੰ ਬੋਲ ਸਕਦੇ ਹੋ, ਅਤੇ ਉਹ ਇਸ ਨੂੰ ਨਹੀਂ ਸਮਝਦੇ, ਕਿਉਂਕਿ ਉਹ ਇਸ ਲਈ ਸਿਖਲਾਈ ਪ੍ਰਾਪਤ ਨਹੀਂ ਹਨ। ਪੌਲੁਸ ਨੇ ਕਿਹਾ, "ਜੇ ਤੁਰ੍ਹੀ ਅਸਪਸ਼ਟ ਆਵਾਜ਼ ਦੇਵੇ, ਕੌਣ ਆਪਣੇ ਆਪ ਨੂੰ ਲੜਾਈ ਲਈ ਤਿਆਰ ਕਰੇਗਾ?"

36 ਲੋਕ ਇੱਕ—ਇੱਕ—ਇੱਕ ਕਲੀਸਿਯਾ ਦੀ ਅਵਾਜ਼ ਲਈ ਸਿੱਖਲਾਈ ਪ੍ਰਾਪਤ ਹਨ, ਇੱਕ ਕਲੀਸਿਯਾ ਦੀ ਤੁਰ੍ਹੀ, "ਸਾਡੇ ਐਤਵਾਰ ਦੇ ਸਕੂਲ ਵਿੱਚ ਉਨ੍ਹਾਂ ਦੇ ਮੁਕਾਬਲੇ ਅਸੀਂ ਵਧੇਰੇ ਪ੍ਰਾਪਤ ਕਰ ਚੁੱਕੇ ਹਾਂ।" ਇਸਦਾ ਕੋਈ ਮਤਲਬ ਨਹੀਂ ਹੈ। "ਸਾਨੂੰ ਉਨ੍ਹਾਂ ਬਾਕੀ ਦੇ ਨਾਲੋਂ ਸਾਡੀ ਨਾਮਧਾਰੀ ਕਲੀਸਿਯਾ ਵਿੱਚ ਵਧੇਰੇ ਪ੍ਰਾਪਤ ਹੋਇਆ ਹੈ। ਅਸੀਂ ਨਾਮਧਾਰੀ ਕਲੀਸਿਯਾਂ ਵਿੱਚ ਸਭ ਤੋਂ ਵੱਡੇ ਹਾਂ।" ਵੇਖੋ, ਇਹ ਇੱਕ ਅਜਿਹੀ ਆਵਾਜ਼ ਹੈ ਜਿਸ ਲਈ ਲੋਕਾਂ ਨੂੰ ਸਿਖਲਾਈ ਦਿੱਤੀ ਗਈ ਹੈ। ਗਲੀ ਵਿੱਚ, ਉਹ ਲੋਕਾਂ ਨੂੰ ਲੈਣ ਲਈ ਬਾਹਰ ਜਾਂਦੇ ਹਨ ਅਤੇ ਉਨ੍ਹਾਂ ਨੂੰ ਅੰਦਰ ਲਿਆਉਂਦੇ ਹਨ। ਮਹਾਨ ਮੁਹਿੰਮ ਵਿੱਚ ਹਜ਼ਾਰਾਂ ਦੇ ਵੀ ਹਜ਼ਾਰਾਂ ਗੁਣਾ, ਉਨ੍ਹਾਂ ਨੂੰ ਅੰਦਰ ਲਿਆਓਣ ਲਈ। ਉਹ ਕਿਸ ਵਿੱਚ ਦਿਲਚਸਪੀ ਰੱਖਦੇ ਹਨ? "ਸਾਡੇ ਕੋਲ ਸਭ ਤੋਂ ਵੱਡੀ ਕਲੀਸਿਯਾ ਹੈ। ਸਾਡੇ ਕੋਲ ਸਭ ਤੋਂ ਵੱਡੀ ਸੰਗਤ ਹੈ। ਸਾਡੇ ਐਤਵਾਰ ਦੇ ਸਕੂਲ ਵਿੱਚ ਸਭ ਤੋਂ ਜਿਆਦਾ ਮੈਂਬਰ ਹਨ। ਸਾਡੇ ਸ਼ਹਿਰ ਦਾ ਮੇਅਰ ਸਾਡੀ ਕਲੀਸਿਯਾ ਵਿੱਚ ਆਉਂਦਾ ਹੈ।" ਹੋ ਸਕਦਾ

ਹੈ ਕਿ ਇਹ ਸਭ ਕੁਝ ਚੰਗਾ ਹੋਵੇ, ਪਰ ਜੇ ਉਹੀ ਕਲੀਸਿਯਾ ਪਰਮੇਸ਼ੁਰ ਦੀ ਅਵਾਜ਼ ਲਈ ਸਿੱਖਲਾਈ ਪ੍ਰਾਪਤ ਨਹੀਂ ਹੈ, ਇੰਜੀਲ ਦੀ ਤੁਰ੍ਹੀ, ਇਹ ਕੀ ਲਾਭ ਕਰਦਾ ਹੈ?

37 ਅਤੇ ਜਦੋਂ ਕੋਈ ਚੀਜ਼ ਉਠਦੀ ਹੈ ਬੱਸ ਜਿਵੇਂ ਸਾਡੀ ਸਰਕਾਰ ਵਿੱਚ ਉਠੀ ਹੈ, ਕੀ ਹੋਇਆ? ਕਲੀਸਿਯਾ ਨੂੰ ਤੁਰ੍ਹੀ ਦੀ ਆਵਾਜ਼ ਨੂੰ ਨਹੀਂ ਜਾਣਦੀ ਸੀ, ਅਤੇ ਉਹ ਨਹੀਂ ਜਾਣਦੇ ਸਨ ਕਿ ਕੀ ਕਰਨਾ ਹੈ। ਖੁਸ਼ਹਾਲੀ ਦਾ ਵੱਡਾ ਵਾਅਦਾ, ਇੱਕ ਬੌਧਿਕ ਦੈਂਤ ਅੰਦਰ ਆਉਂਦਾ ਹੈ, ਅਤੇ ਉਹ ਬਿਲਕੁਲ ਉਸੇ ਚੀਜ਼ ਉੱਤੇ ਚਲੇ ਗਏ ਜਿਸਦੀ ਬਾਈਬਲ ਨੇ ਭਵਿੱਖਬਾਣੀ ਕੀਤੀ ਸੀ, ਅਤੇ ਇਸਨੂੰ ਅੰਦਰ ਲੈ ਆਏ। ਦੇਖੋ, ਇੱਕ ਰਾਜਨੀਤਿਕ ਆਵਾਜ਼! ਅਤੇ ਇਸ ਨੇ ਸਾਬਤ ਕਰ ਦਿੱਤਾ ਕਿ ਇਸਨੇ ਧਾਰਮਿਕ ਆਵਾਜ਼ ਨੂੰ ਪਛਾੜ ਦਿੱਤਾ, ਜਾਂ ਉਨ੍ਹਾਂ ਨੇ ਕਦੇ ਵੀ ਉਹ ਨਾ ਕੀਤਾ ਹੁੰਦਾ ਜੋ ਉਨ੍ਹਾਂ ਨੇ ਕੀਤਾ, ਇੰਜੀਲ ਦੀ ਅਵਾਜ਼। ਕਿਉਂਕਿ ਸਾਡੇ ਲਈ ਬਹੁਤ ਸਾਰੀਆਂ ਚੀਜ਼ਾਂ ਦਾ ਵਾਅਦਾ ਕੀਤਾ ਗਿਆ ਹੈ, ਸਾਡੇ ਨਾਲ ਖੁਸ਼ਹਾਲੀ ਦਾ ਵਾਅਦਾ ਕੀਤਾ ਗਿਆ ਹੈ, ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਨੂੰ ਇਹ ਮਿਲੇਗੀ।

38 ਪਰ, ਫਿਰ ਵੀ, ਇਸ ਦਾ ਵਿਸ਼ਵਾਸੀ ਲਈ ਕੋਈ ਮਤਲਬ ਨਹੀਂ ਹੈ। ਇਬਰਾਨੀਆਂ ਦੀ ਕਿਤਾਬ ਵੱਲ ਮੁੜੋ, 11ਵੇਂ ਅਧਿਆਇ ਵਿੱਚ, ਉਸ ਸੰਤ ਪੌਲੁਸ ਨੂੰ ਬੋਲਦੇ ਹੋਏ ਸੁਣੋ, ਉਹ ਕਿਵੇਂ, ਦਿਨਾਂ ਵਿੱਚ, "ਭੇਡਾਂ ਅਤੇ ਬੱਕਰੀਆਂ ਦੀਆਂ ਖੱਲਾਂ ਵਿੱਚ ਭਟਕਦੇ ਫਿਰੇ, ਬੇਸਹਾਰਾ ਸੀ, ਕੋਈ ਜਗ੍ਹਾ ਨਹੀਂ ਸੀ, ਸ਼ਹਿਰ ਵਿੱਚ ਦਾਖਲ ਨਹੀਂ ਹੋ ਸਕਦੇ ਸਨ।"

39 ਮੈਂ ਨਿਸਿਅਨ ਕੌਂਸਲ ਵਿੱਚ ਪੜ੍ਹ ਰਿਹਾ ਸੀ, ਜਦੋਂ ਨਿਸੀਆ ਵਿੱਚ ਮਹਾਨ ਮੁੱਦੇ ਆਉਂਦੇ ਸਨ, ਰੋਮ, ਮਸੀਹ ਦੀ ਮੌਤ ਤੋਂ ਤਿੰਨ ਸੌ ਸਾਲ ਬਾਅਦ, ਮਹਾਨ ਨਿਸਿਅਨ ਕੌਂਸਲ ਵਿੱਚ, ਜਦੋਂ ਮਹਾਨ ਕਲੀਸਿਯਾ ਉਸਦੇ ਲਈ ਖੜ੍ਹੀ ਸੀ ਜੋ ਸਹੀ ਸੀ, ਉਹ ਬਾਈਬਲ ਚਾਹੁੰਦੇ ਸਨ। ਅਤੇ ਰੋਮੀਆਂ ਦੀ ਪਹਿਲੀ ਕਲੀਸਿਯਾ ਦੇ ਰੋਮਨ ਪਰਿਵਰਤਕਾਂ ਨੇ ਸਿਧਾਂਤਾਂ ਨੂੰ ਅੰਦਰ ਲੈ ਆਂਦਾ, ਕਹਿਣ ਲਈ, ਉਦਾਹਰਣ ਵਜੋਂ, ਜਿਵੇਂ ਸਾਡੇ ਕੋਲ ਕ੍ਰਿਸਮਸ ਹੈ।

40 ਕ੍ਰਿਸਮਸ, ਮਸੀਹ ਦਾ ਜਨਮ ਦਸੰਬਰ ਦੇ—ਦੇ ਪੱਚੀਵੇਂ ਦਿਨ ਨਹੀਂ ਹੋਇਆ ਸੀ। ਕਿਉਂ, ਯਹੂਦਿਯਾ ਦੀਆਂ ਪਹਾੜੀਆਂ ਬਰਫੀਲੀਆਂ ਸਨ, ਅਤੇ ਉਹ… ਇਹ ਬਾਈਬਲ ਦੀਆਂ ਹੋਰ ਸਾਰੀਆਂ ਭਵਿੱਖਬਾਣੀਆਂ ਦੇ ਉਲਟ ਹੈ। ਉਹ ਬਸੰਤ ਰੁੱਤ ਵਿੱਚ ਪੈਦਾ ਹੋਇਆ ਸੀ, ਜਿਵੇਂ ਸਾਰੇ ਲੇਲੇ ਜੰਮਦੇ ਹਨ। ਉਹ ਘਰ ਦੀ ਬਜਾਏ ਵਾੜੇ ਵਿੱਚ ਕਿਉਂ ਪੈਦਾ ਹੋਇਆ? ਉਹ ਇੱਕ ਲੇਲਾ ਸੀ। ਉਸ ਨੂੰ ਜਗਵੇਦੀ ਤੇ ਕਿਉਂ ਨਹੀਂ ਲਿਜਾਇਆ ਗਿਆ ਜਾਂ ਉਸਦੀ ਜਗਵੇਦੀ ਜਿੱਥੇ

ਉਸਦੇ ਕਿੱਲ ਠੋਕੇ ਗਏ, ਸਲੀਬ? ਉਸਨੂੰ ਸਲੀਬ ਵੱਲ ਲਿਜਾਇਆ ਗਿਆ ਸੀ। ਤੁਸੀਂ ਭੇਡਾਂ ਨੂੰ ਬੁੱਚੜਖਾਨੇ ਵੱਲ ਲੈ ਜਾਂਦੇ ਹੋ। ਉਹ ਇੱਕ ਲੇਲਾ ਸੀ। ਇਸ ਲਈ ਉਹ ਉਦੋਂ ਪੈਦਾ ਹੋਇਆ ਜਦੋਂ ਲੇਲੇ ਪੈਦਾ ਹੁੰਦੇ ਹਨ।

41 ਪਰ, ਤੁਸੀਂ ਵੇਖੋ, ਅਜਿਹਾ ਕਰਨ ਲਈ, ਉਨ੍ਹਾਂ ਕੋਲ ਸੂਰਜ-ਦੇਵਤਾ ਦਾ ਜਨਮਦਿਨ ਸੀ, ਜੋ, ਸੂਰਜ ਮੰਡਲ ਵਿੱਚ ਹੈ, ਸੂਰਜ ਵੀਹ ਦਸੰਬਰ ਤੋਂ ਪੱਚੀ ਦਸੰਬਰ ਤੱਕ ਪੰਜ ਦਿਨਾਂ ਦੇ ਲਈ, ਸ਼ਾਇਦ ਹੀ ਕੋਈ ਹਿਲਜੁਲ ਹੋਵੇ, ਸੂਰਜ ਦੀ। ਇਹ—ਇਹ ਹਰ ਦਿਨ ਥੋੜ੍ਹਾ ਬਦਲਦਾ ਹੈ, ਲੰਮਾ ਅਤੇ ਲੰਮਾ ਅਤੇ ਲੰਮਾ ਹੁੰਦਾ ਜਾਂਦਾ ਹੈ ਜਦੋਂ ਤੱਕ ਇਹ ਜੁਲਾਈ ਦੇ ਆਪਣੇ ਸਭ ਤੋਂ ਲੰਮੇ ਦਿਨ ਤੱਕ ਨਹੀਂ ਆਉਂਦਾ। ਅਤੇ ਫਿਰ, ਦਸੰਬਰ ਵਿੱਚ, ਇਸਦਾ ਸਭ ਤੋਂ ਛੋਟਾ ਦਿਨ। ਅਤੇ ਫਿਰ ਪੱਚੀ ਤਰੀਕ ਦਾ ਉਹ ਛੋਟਾ ਸਮਾਂ, ਵੀਹ ਤੋਂ ਲੈ ਕੇ ਪੱਚੀ ਤੱਕ, ਉਨ੍ਹਾਂ ਕੋਲ ਰੋਮਨ ਸਰਕਸ ਅਤੇ ਸੂਰਜ-ਦੇਵਤੇ ਦੇ ਜਨਮਦਿਨ ਦਾ ਜਸ਼ਨ ਹੁੰਦਾ ਸੀ। ਤਾਂ ਫਿਰ ਜੁਪੀਟਰ, ਜੋ ਕਿ ਇੱਕ ਰੋਮਨ ਦੇਵਤਾ ਸੀ, ਅਤੇ ਉਦੋਂ ਉਹ ਇਸ ਨੂੰ ਅੰਦਰ ਲੈ ਆਏ, ਇਹ ਕਹਿ ਕੇ, "ਅਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਸੂਰਜ-ਦੇਵਤਾ ਦੇ ਜਨਮਦਿਨ ਨੂੰ ਲਵਾਂਗੇ, ਇਸ ਨੂੰ ਇੱਕਠਾ ਕਰਕੇ ਇੱਕ ਮਹਾਨ ਜਸ਼ਨ ਬਣਾਵਾਂਗੇ।" ਇਹ ਉਲਟ ਹੈ! ਅਤੇ, ਔਹ, ਬਹੁਤ ਸਾਰੀਆਂ ਚੀਜਾਂ ਉਹ ਅੰਦਰ ਲੈ ਆਏ ਹਨ!

42 ਅਤੇ ਫਿਰ ਜਦੋਂ ਉਹ ਪਰਮੇਸ਼ੁਰ ਦੇ ਸੱਚੇ ਆਦਮੀ ਜੋ ਵਚਨ ਦੇ ਨਾਲ ਰਹਿਣਾ ਚਾਹੁੰਦੇ ਸਨ, ਜਿਵੇਂ ਪੌਲੀਕਾਰਪ, ਇਰੇਨੀਅਸ, ਮਾਰਟਿਨ, ਉਹ ਮਹਾਨ, ਮੁੱਢਲੇ, ਪਵਿੱਤਰ ਪੁਰਸ਼ ਜੋ ਸੱਚਾਈ ਦੇ ਨਾਲ ਰਹਿਣਾ ਚਾਹੁੰਦੇ ਸਨ… ਅਤੇ ਜਦੋਂ ਉਹ ਨਿਸਿਅਨ ਕੌਂਸਲ ਰਾਹੀਂ ਅੰਦਰ ਲਿਆਏ, ਉਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਐਨਾ ਰੱਦ ਕਰ ਦਿਤਾ ਗਿਆ ਕਿ ਜੱਦ ਨਬੀ ਉਜਾੜ ਵਿੱਚੋਂ ਬਾਹਰ ਆਉਂਦੇ ਸਨ ਤਾਂ ਉਨ੍ਹਾਂ ਦੇ ਆਲੇ ਦੁਆਲੇ ਕੁਝ ਵੀ ਨਹੀਂ ਹੁੰਦਾ ਸੀ ਪਰ ਭੇਡ ਦੀ ਖੱਲ ਦਾ ਇੱਕ ਟੋਟਾ, ਉਸ ਸਭਾ ਵਿੱਚ ਬੈਠਣ ਲਈ। ਪਰ ਉਹ ਯਹੋਵਾਹ ਦੇ ਵਚਨ ਨੂੰ ਜਾਣਦੇ ਸਨ। ਪਰ ਪ੍ਰਸਿੱਧੀ, ਉਹ ਪੰਦਰਾਂ ਦਿਨਾਂ ਦੀ ਖ਼ੂਨੀ ਰਾਜਨੀਤੀ, ਅਤੇ ਇਸ ਨੂੰ ਪਛਾੜ ਦਿੱਤਾ। ਫਿਰ ਸਾਡੇ ਕੋਲ ਹਜ਼ਾਰਾਂ ਸਾਲਾਂ ਦਾ ਹਨੇਰ ਯੁੱਗ ਸੀ, ਵੇਖਿਆ।

43 ਪਰ ਪਰਮੇਸ਼ੁਰ ਨੇ ਵਾਅਦਾ ਕੀਤਾ ਕਿ ਤੁਰ੍ਹੀ ਦੁਬਾਰਾ ਵੱਜੇਗੀ। ਲੋਕੋ ਹਮੇਸ਼ਾਂ ਵਚਨ ਦੀ ਸੱਚੀ ਅਵਾਜ਼ ਨੂੰ ਸੁਣੋ, ਹਮੇਸ਼ਾਂ ਪਰਖੋ ਕਿ ਤੁਸੀਂ ਵਚਨ ਨਾਲ ਕੀ ਕਰਦੇ ਹੋ।

44 ਰਾਜਨੀਤੀ ਦੀ ਆਵਾਜ਼। ਅਤੇ ਸਾਡੇ ਕੋਲ ਅਮਰੀਕਾ ਅਤੇ ਬਾਕੀ ਦੁਨੀਆਂ ਵਿੱਚ, ਅੱਜ ਉੱਚੀ ਬੋਲਣ ਵਾਲੀ ਅਵਾਜ਼ ਹੈ, ਅਤੇ ਇਹ ਹਾਲੀਵੁੱਡ ਦੀ ਆਵਾਜ਼

ਹੈ। ਇਸ ਨੇ ਸੰਸਾਰ ਤੇ ਕਬਜਾ ਕਰ ਲਿਆ ਹੈ। ਹਾਲੀਵੁੱਡ ਵਿੱਚ ਕਿਸੇ ਨੂੰ ਕਿਸੇ ਚੀਜ਼ ਨੂੰ ਲੈ ਕੇ ਬਾਹਰ ਆਉਣ ਦਿਓ, ਤੁਸੀਂ ਇਸਨੂੰ ਪੂਰੇ ਦੇਸ਼ ਵਿੱਚ ਪਾਓਗੇ। ਹੁਣ, ਅਸੀਂ ਵੇਖਦੇ ਹਾਂ ਕਿ ਉਨ੍ਹਾਂ ਨੇ ਸਾਡੀਆਂ ਔਰਤਾਂ ਲਈ ਇੱਕ ਨਮੂਨਾ ਠਹਿਰਾਇਆ ਹੈ, ਉਨ੍ਹਾਂ ਦੇ ਪਹਿਰਾਵੇ ਉੱਤੇ, ਉਨ੍ਹਾਂ ਦੇ ਵਾਲਾਂ ਦੇ ਅੰਦਾਜ਼ ਉੱਤੇ। ਉਨ੍ਹਾਂ ਨੇ ਉਹ ਪਹਿਰਾਵਾ ਠਹਿਰਾਇਆ ਹੈ।

45 ਕਲੀਸਿਯਾ ਨੂੰ ਉਸ ਉੱਤੇ ਪਰਮੇਸ਼ੁਰ ਦੀ ਤੁਰ੍ਹੀ ਦੀ ਆਵਾਜ਼ ਨੂੰ ਜਾਣਨਾ ਚਾਹੀਦਾ ਹੈ! ਪਰ ਇੱਥੇ ਬਹੁਤ ਜ਼ਿਆਦਾ ਉਲਝਣ ਹੈ ਕਿਉਂਕਿ ਤੁਸੀਂ ਦੂਜਿਆਂ ਨੂੰ ਅਜਿਹਾ ਕਰਦੇ ਵੇਖਦੇ ਹੋ, ਉਦਾਹਰਣਾਂ। ਉਸ ਤਰ੍ਹਾਂ ਦੀ ਉਦਾਹਰਣ ਦੇ ਅਨੁਸਾਰ ਕਦੇ ਵੀ ਆਪਣੇ ਆਪ ਨੂੰ ਨਮੂਨੇ ਨਾ ਬਣਾਓ, ਕਿਉਂਕਿ ਇਹ ਨਾਸ਼ਵਾਨ ਹੈ। ਹਮੇਸ਼ਾਂ ਪਰਮੇਸ਼ੁਰ ਦੀ ਅਵਾਜ਼ ਸੁਣੋ, ਉਹ ਇਸ ਬਾਰੇ ਕੀ ਕਹਿੰਦਾ ਹੈ।

46 ਅਤੇ ਫਿਰ ਅਸੀਂ ਵੇਖਦੇ ਹਾਂ, ਹਾਲੀਵੁੱਡ ਵਿੱਚ, ਉਹ ਚੀਜ਼ਾਂ ਨੂੰ ਉਭਾਰਦੇ ਹਨ। ਅਤੇ ਇਸ ਤੋਂ ਪਹਿਲਾਂ ਕਿ ਅਸੀਂ ਅੱਗੇ ਜਾਈਏ ਮੈਨੂੰ ਬੱਸ ਇਸ ਬਾਰੇ ਸਿਰਫ ਇੱਕ ਪਲ ਬੋਲਣ ਦਿਓ। ਜਿਆਦਾ ਚਿਰ ਨਹੀਂ ਹੋਇਆ ਇੱਥੇ ਇੱਕ—ਇੱਕ ਚੀਜ਼ ਆਈ ਸੀ, ਕਿ ਹਾਲੀਵੁੱਡ ਵਿੱਚ ਇੱਕ—ਇੱਕ ਆਦਮੀ…ਹੁਣ ਆਦਮੀ ਦੇ ਵਿਰੁੱਧ ਕੁਝ ਨਹੀਂ ਹੈ, ਉਹ ਇੱਕ ਪ੍ਰਾਣੀ ਹੈ ਜਿਸ ਲਈ ਮਸੀਹ ਮਰਿਆ, ਪਰ ਸਿਰਫ ਤੁਹਾਨੂੰ ਦਿਖਾਉਣ ਲਈ। ਉਨ੍ਹਾਂ ਨੇ ਇੱਕ ਛੋਟੀ ਜਿਹੀ ਚੀਜ਼ ਦੀ ਕਾਢ ਕੱਢੀ, ਜਿਸਨੂੰ ਬੱਚੇ ਵਰਤਦੇ ਹਨ, ਜਿਸਨੂੰ "ਹੂਲਾ-ਹੂਪ" ਕਹਿੰਦੇ ਹਨ, ਹੂਲਾ-ਹੂਪ, ਜਾਂ ਕੁਝ। ਅਤੇ ਜੇ ਕਦੇ ਤੁਸੀਂ ਅਸ਼ਲੀਲਤਾ ਅਤੇ ਉਨ੍ਹਾਂ ਚੀਜ਼ਾਂ ਨੂੰ ਦੇਖਿਆ ਹੈ ਜੋ ਇਸ ਦੇ ਪਿੱਛੇ ਹਨ, ਜੋ, ਛੋਟੇ ਬੱਚਿਆਂ ਵਿੱਚ ਹਨ। ਇਹ ਸਹੀ ਨਹੀਂ ਹੈ।

47 ਹੁਣ, ਹਾਲੀਵੁੱਡ ਬੰਦੂਕੀ ਲੜਾਕੂਆਂ ਨਾਲ—ਨਾਲ ਭਰਿਆ ਹੋਇਆ ਹੈ। ਹੁਣ, ਕੋਈ ਵੀ ਜੋ ਇਤਿਹਾਸ ਨੂੰ ਜਾਣਦਾ ਹੈ, ਜਾਣਦਾ ਹੈ ਕਿ ਉਹ ਲੋਕ ਉਨ੍ਹਾਂ ਦਿਨਾਂ ਵਿੱਚ, ਉਹ ਬੰਦੂਕੀ ਲੜਾਕੂ ਸਨ ਜਿਵੇਂ ਕਿ—ਕਿ ਵੱਖਰੇ ਲੋਕ ਸਨ, ਉਹ ਚੰਗੇ ਨਾਗਰਿਕ ਨਹੀਂ ਸਨ, ਉਹ ਬਦਮਾਸ਼ ਸਨ, ਉਹ ਐਲ ਕੈਪੋਨ ਅਤੇ ਡਿਲਿੰਜਰ ਵਰਗੇ ਸਨ। ਉਨ੍ਹਾਂ ਕੋਲ ਇੱਕ ਹਾਲੀਵੁੱਡ ਨਾਟਕ ਹੈ ਜਿਸਨੂੰ ਉਹ ਕਹਿੰਦੇ ਹਨ, ਟੈਲੀਵਿਜ਼ਨ ਤੇ—ਤੇ, ਉਹ ਕਹਿੰਦੇ ਹਨ, "ਗਨਸਮੋਕ।" ਮੈਂ *ਮਾਨੀਟਰ* ਤੇ ਸੁਣਿਆ, ਕਿਸੇ ਦਿਨ, ਕਿ ਉਹ ਬੰਦਾ ਜੋ ਇਸਨੂੰ ਚਲਾਉਂਦਾ ਹੈ, ਅਰਨੇਸ ਜਾਂ ਕੁਝ, ਜਾਂ ਅਰਨੇਸ, ਜਾਂ ਮੈਂ ਭੁੱਲ ਜਾਂਦਾ ਹਾਂ ਕਿ ਉਸਦਾ ਨਾਮ ਕੀ ਹੈ, ਅਤੇ ਉਸ ਨੇ ਲੈਣਾ ਸੀ…ਉਹ ਮੈਟ ਡਿਲਨ ਦੀ ਨੁਮਾਇੰਦਗੀ ਕਰਦਾ ਹੈ ਜੋ ਕੰਸਾਸ ਵਿੱਚ ਜ਼ਿਲ੍ਹੇ ਦਾ ਪ੍ਰਧਾਨ ਸੀ। ਅਤੇ ਮੈਟ ਡਿਲਨ ਇੱਕ ਖਰਗੋਸ਼

ਵਾਂਗ ਪੀਲਾ ਸੀ। ਉਸਨੇ ਅਠਾਈ ਆਦਮੀਆਂ ਨੂੰ ਪਿੱਠ ਵਿੱਚ ਗੋਲੀ ਮਾਰ ਦਿੱਤੀ, ਨਿਰਦੋਸ਼ ਲੋਕ, ਡੌਜ ਸ਼ਹਿਰ ਦੇ ਬਾਹਰ ਜਾਂਦੇ ਹੋਏ ਅਤੇ ਇੱਕ ਝਾੜੀ ਵਿੱਚ ਇੰਤਜ਼ਾਰ ਕਰਦਾ ਸੀ। ਅਤੇ ਜਦੋਂ ਕੋਈ ਆਦਮੀ ਆਉਂਦਾ, ਕਿ ਕੋਈ ਉਸਨੂੰ ਬੁਲਾਉਂਦਾ ਅਤੇ ਉਸਨੂੰ ਦੱਸਦਾ ਹੈ ਕਿ ਕੋਈ ਬਦਮਾਸ਼ ਆ ਰਿਹਾ ਹੈ, ਫਿਰ ਉੱਥੇ ਰੁਕਿਆ ਰਹਿੰਦਾ ਅਤੇ, ਜਦੋਂ ਆਦਮੀ ਅੰਦਰ ਆਉਂਦਾ, ਤਾਂ ਉਹ ਉਸ ਨੂੰ ਪਿੱਠ ਪਿੱਛੇ ਗੋਲੀ ਮਾਰ ਦਿੰਦਾ। ਹੁਣ ਸਾਨੂੰ ਪਤਾ ਲਗਦਾ ਹੈ ਕਿ ਉਹ "ਵੱਡਾ ਆਦਮੀ" ਹੈ ਜੋ ਹੇਠਾਂ ਆਉਂਦਾ ਹੈ। ਕਿਉਂ, ਇਹ—ਇਹ ਸਰਾਸਰ ਪਾਪ ਦੀ ਵਡਿਆਈ ਹੈ। ਪਰ ਸਾਡੇ ਦੇਸ਼ ਦੇ ਛੋਟੇ ਬੱਚੇ ਤੁਹਾਨੂੰ ਯਿਸੂ ਮਸੀਹ ਬਾਰੇ ਦੱਸਣ ਨਾਲੋਂ ਮੈਟ ਡਿਲਨ ਬਾਰੇ ਵਧੇਰੇ ਦੱਸ ਸਕਦੇ ਹਨ। ਦੁਕਾਨਾਂ, ਦਸ-ਸੈਂਟ ਸਟੋਰਸ, ਅਤੇ ਕਪੜਾ ਵਿਭਾਗ, ਛੋਟੇ—ਛੋਟੇ ਬੰਦੂਕਾਂ ਦੇ ਖਿਡੌਣਿਆਂ ਨਾਲ ਭਰੇ ਹੋਏ ਹਨ, ਛੋਟੀਆਂ ਟੋਪੀਆਂ ਦੇ ਨਾਲ ਜੋ—ਜੋ ਤੁਸੀਂ ਕਿਤੇ ਵੀ ਖਰੀਦ ਸਕਦੇ ਹੋ। ਇਸ ਨੂੰ ਪਹਿਨਣਾ ਠੀਕ ਹੈ, ਪਰ ਮੈਂ—ਮੈਂ ਬੱਸ ਤੁਹਾਨੂੰ ਦੱਸ ਰਿਹਾ ਹਾਂ, ਤੁਸੀਂ ਵੇਖੋ। ਫਿਰ ਉਹ—ਉਹ, ਵਪਾਰਕ ਜਗਤ, ਉਸ ਚੀਜ਼ ਨੂੰ ਉੱਪਰ ਚੁੱਕਦਾ ਹੈ ਅਤੇ ਇਸ ਤੋਂ ਲੱਖਾਂ ਡਾਲਰ ਕਮਾਉਂਦਾ ਹੈ।

48 ਸਾਡੇ ਕੋਲ ਉਹ ਹੈ ਜਿਸਨੂੰ ਅਸੀਂ "ਸੰਤ ਪੈਟਰਿਕ ਦਿਵਸ" ਕਹਿੰਦੇ ਹਾਂ, ਸਾਡੇ ਕੋਲ ਉਹ ਹੈ ਜਿਸਨੂੰ ਅਸੀਂ "ਧਾਰਮਿਕ ਛੁੱਟੀਆਂ ਕਹਿੰਦੇ ਹਾਂ।" ਅਤੇ ਵਪਾਰਕ ਜਗਤ ਨੇ ਇਸਨੂੰ ਚੁੱਣ ਲਿਆ ਹੈ, ਅਤੇ ਉਹ ਲੱਖਾਂ ਡਾਲਰ ਕਮਾਉਂਦੇ ਹਨ। "ਮਦਰਸ ਡੇ," ਫੁੱਲਾਂ ਦੇ ਗੁਲਦਸਤੇ। ਕਿਉਂ, ਹਰ ਇੱਕ ਦਿਨ ਮਾਂ ਲਈ ਸਨਮਾਨਯੋਗ ਦਿਨ ਹੋਣਾ ਚਾਹੀਦਾ ਹੈ। ਉਹ ਕਿਤੇ ਬਾਹਰ ਹੈ, ਬਜੁਰਗ, ਉਸ ਨੂੰ ਜਾ ਕੇ ਮਿਲੋ। ਇਹ ਉਨ੍ਹਾਂ ਸਾਰੇ ਫੁੱਲਾਂ ਨਾਲੋਂ ਜ਼ਿਆਦਾ ਮਹਿੰਗਾ ਹੋਵੇਗਾ ਜੋ ਤੁਸੀਂ ਉਸਨੂੰ ਭੇਜ ਸਕਦੇ ਹੋ, ਜਾਂ ਹੋਰ ਕੁਝ ਵੀ। ਵੇਖੋ, ਪਰ ਉਹ ਇਸਨੂੰ ਚੁੱਣ ਲੈਂਦੇ ਹਨ। ਇਹ ਇੱਕ ਅਵਾਜ਼ ਹੈ, ਅਤੇ—ਅਤੇ ਅਸੀਂ ਇਸਦੇ ਨਾਲ ਰਲ ਜਾਂਦੇ ਹਾਂ। ਇਹ ਅਸਲ ਵਿੱਚ ਸਹੀ ਨਹੀਂ ਹੈ। ਪਰ ਤੁਸੀਂ ਕੀ ਕਰਨ ਜਾ ਰਹੇ ਹੋ? ਦੇਖੋ, ਅਸੀਂ—ਅਸੀਂ ਸਿਰਫ…

49 ਮੈਂ ਤੁਹਾਨੂੰ ਕੁਝ ਦੱਸਣ ਲਈ ਇੱਥੇ ਇੱਕ ਤਰਕ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਜੋ ਮੈਂ—ਮੈਂ ਵਿਸ਼ਵਾਸ ਕਰਦਾ ਹਾਂ। ਆਵਾਜ਼ ਬਹੁਤ ਦੁਰਲੱਭ ਹੈ, ਪਰਮੇਸ਼ੁਰ ਦੀ ਆਵਾਜ਼।

50 ਹੁਣ, ਸਾਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਨੇ ਗਤੀ ਨਿਰਧਾਰਤ ਕੀਤੀ ਹੈ। ਅਤੇ ਕੀ ਤੁਸੀਂ ਕਦੇ ਧਿਆਨ ਦਿੱਤਾ ਹੈ? ਸਾਡੇ ਨੌਜਵਾਨ ਮੁੰਡੇ "ਰਿੱਕੀ" ਅਤੇ "ਐਲਵਿਸ" ਬਣ ਗਏ ਹਨ। ਤੁਹਾਡੇ ਕੋਲ ਇੱਕ ਬੱਚਾ ਹੈ ਜਿਸਦਾ ਇਹ ਨਾਮ ਹੈ, ਇਸਨੂੰ ਛੇਤੀ ਬਦਲ ਦਿਓ, ਉਸਨੂੰ ਨੰਬਰ ਕਹਿ ਕੇ ਬੁਲਾਵੋ "ਇੱਕ"

ਜਾਂ "ਦੋ," ਜਾਂ ਕੁਝ। ਨਾ, ਇਹ ਇੱਕ ਭਿਆਨਕ...ਤੁਸੀਂ ਕਹਿੰਦੇ ਹੋ, "ਨਾਮ ਨਾਲ ਕੀ ਫ਼ਰਕ ਪੈਂਦਾ ਹੈ?" ਕਿਉਂ, ਯਕੀਨਨ, ਇਸ ਦਾ ਕੁਝ ਮਤਲਬ ਹੈ। ਤੁਹਾਡਾ ਨਾਮ ਤੁਹਾਡੇ ਜੀਵਨ ਦੀ ਚਰਿੱਤਰ ਚਿਤਰਣ ਕਰਦਾ ਹੈ। "ਹੁਣ, ਭਾਈ ਬ੍ਰਨਹਾਮ, ਤੁਸੀਂ ਅੰਕ ਵਿਗਿਆਨ ਤੇ ਹੋ।" ਨਹੀਂ, ਮੈਂ ਨਹੀਂ ਹਾਂ! ਮੈਂ **ਯਹੋਵਾਹ ਇੰਝ ਫ਼ਰਮਾਉਂਦਾ** ਤੇ ਹਾਂ! ਅਜਿਹਾ ਕਿਉਂ ਸੀ ਜਦੋਂ ਯਾਕੂਬ, ਉਹ ਆਪਣੇ ਨਾਮ ਅਨੁਸਾਰ ਜਿਉਂਦਾ ਰਿਹਾ, ਧੋਖੇਬਾਜ਼ ਵਾਂਗ—ਵਾਂਗ, ਹੜੱਪਣ ਵਾਲਾ, ਯਾਕੂਬ। ਅਤੇ ਜਦੋਂ ਪਰਮੇਸ਼ੁਰ ਨੇ ਉਸਨੂੰ ਬਦਲਿਆ, ਉਸਨੇ ਉਸਦਾ ਨਾਮ ਬਦਲ ਦਿੱਤਾ। ਪਰਮੇਸ਼ੁਰ ਨੇ ਸ਼ਾਊਲ ਨੂੰ ਪੌਲੁਸ, ਸ਼ਮਊਨ ਨੂੰ ਪਤਰਸ ਵਿੱਚ ਬਦਲ ਦਿੱਤਾ। ਯਕੀਨਨ, ਇਸ ਵਿੱਚ ਕੁਝ ਹੈ। ਅਤੇ ਰਿੱਕੀ ਅਤੇ ਏਲਵਿਸ, ਅਤੇ ਅਜਿਹੇ ਨਾਮ, ਆਧੁਨਿਕ ਅਮਰੀਕੀ ਨਾਮ ਹਨ ਜੋ ਇੱਕ ਬੱਚੇ ਨੂੰ ਆਪਣੇ ਆਪ ਹੀ ਇਸ ਵਿੱਚ ਸੁੱਟ ਦਿੰਦਾ ਹੈ। ਸਮਝੇ ਮੇਰਾ ਕੀ ਮਤਲਬ ਹੈ?

51 ਹੁਣ, ਮੈਨੂੰ ਉਮੀਦ ਹੈ ਕਿ ਮੈਂ ਨਹੀਂ...ਚੰਗਾ ਹੋਵੇਗਾ ਜੇ ਮੈਂ ਪਿਛਾਂਹ ਹੱਟ ਜਾਵਾਂ ਅਤੇ ਇਸ ਪਾਸੇ ਜਾਦਾ ਦੂਰ ਨਾ ਜਾਵਾਂ, (ਸਮਝੇ ਮੇਰਾ ਮਤਲਬ ਕੀ ਹੈ?) ਜੋ ਤੁਸੀਂ ਨਹੀਂ ਸਮਝ ਸਕੋਗੇ। ਪਰ ਇਹ ਸਭ ਚੀਜਾਂ ਆਮ ਆਦਮੀ ਦੇ ਵੀ ਸਮਝ ਨਹੀਂ ਆਉਂਦੀਆਂ। ਉਹ ਇਸ ਨੂੰ ਨਹੀਂ ਫੜਦੇ, ਕਿਉਂਕਿ ਉਨ੍ਹਾਂ ਕੋਲ ਇੱਕ ਝੁਕਾਅ ਹੈ। ਬੱਸ ਇਹੀ ਸਭ ਉਹ ਸੁਣਦੇ ਹਨ, ਉਹ ਆਵਾਜ਼ਾਂ।

52 ਇੱਥੇ ਦਾਰਸ਼ਨਿਕਾਂ ਦੀ ਇੱਕ ਆਵਾਜ਼ ਹੈ, ਸਾਮਵਾਦ, ਕਿਸੇ ਚੀਜ਼ ਦਾ ਵਾਅਦਾ ਕਰਦੇ ਹਨ ਜਿਸ ਨਾਲ ਉਹ ਨਹੀਂ ਰਹਿ ਸਕਦੇ। ਅਤੇ ਫਿਰ ਵੀ ਬਹੁਤ ਸਾਰੇ ਅਮਰੀਕੀ ਲੋਕ ਸਾਮਵਾਦ ਵਿੱਚ ਲਪੇਟੇ ਹੋਏ ਹਨ। ਹੁਣ, ਮੈਂ ਸਾਮਵਾਦ ਵਿੱਚ ਰਿਹਾ ਹਾਂ, ਸਾਮਵਾਦੀ ਖ਼ੇਤਰ, ਸਗੋਂ, ਜਰਮਨੀ ਵਿੱਚ, ਬਰਲਿਨ ਦੇ ਪੂਰਬ ਵਾਲੇ ਪਾਸੇ। ਉਨ੍ਹਾਂ ਕੋਲ ਬਾਹਰ ਦਿਖਾਉਣ ਲਈ ਬਹੁਤ ਵੱਡੇ ਘਰ ਸਨ। ਤੁਹਾਨੂੰ ਉਨ੍ਹਾਂ ਦੇ ਅੰਦਰ ਜਾਣਾ ਚਾਹੀਦਾ ਹੈ, ਉਹ ਤਾਂ ਤਿਆਰ ਵੀ ਨਹੀਂ ਹਨ। ਇਹ ਇੱਕ ਝੂਠੀ ਅਰਥ ਵਿਵਸਥਾ ਹੈ, ਉਹ ਕਿਸੇ ਚੀਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ।

53 ਅਤੇ, ਰੂਸ ਵਿੱਚ, ਸਾਮਵਾਦ ਦਾ ਜਨਮ ਸਥਾਨ...ਜੋ, ਬਹੁਤ ਸਾਲ ਪਹਿਲਾਂ, ਜਦੋਂ ਮੈਂ ਸਿਰਫ ਇੱਕ ਪ੍ਰਚਾਰਕ ਲੜਕਾ ਸੀ, ਮੈਂ ਕਹਾਂਗਾ ਤੇਤੀ ਸਾਲ ਪਹਿਲਾਂ, ਜਦੋਂ ਨਾਜ਼ੀਵਾਦ, ਫਾਸ਼ੀਵਾਦ, ਅਤੇ ਸਾਮਵਾਦ ਵਧ ਰਿਹਾ ਸੀ, ਮੈਂ ਕਿਹਾ, "ਮੈਂ ਯਹੋਵਾਹ ਦੇ ਨਾਮ ਵਿੱਚ ਬੋਲਦਾ ਹਾਂ! ਉਹ ਸਾਰੇ ਸਾਮਵਾਦ ਵਿੱਚ ਮਿਲ ਜਾਣਗੇ।" ਪਰ, ਕੀ ਤੁਸੀਂ ਕਦੇ ਸੋਚਿਆ ਹੈ, ਪਰਮੇਸ਼ੁਰ ਨੇ ਸਾਡੇ ਬਾਹਰ ਆਉਣ ਲਈ ਇੱਕ ਰਸਤਾ ਛੱਡਿਆ ਦਿੱਤਾ ਹੈ, ਜੇ ਅਸੀਂ ਬੱਸ ਇਸਨੂੰ ਲੈ ਲਈਏ। ਰੂਸ ਦਾ ਸਿਰਫ ਇੱਕ ਪ੍ਰਤੀਸ਼ਤ ਹੈ ਜੋ ਸਾਮਵਾਦੀ ਹੈ, ਇੱਕ ਪ੍ਰਤੀਸ਼ਤ,

ਪਰ ਉਹ ਨਿਯੰਤਰਣ ਕਰਣ ਵਾਲੇ ਪ੍ਰਤੀਸ਼ਤ ਹਨ। ਸਾਮਵਾਦੀਆਂ ਦਾ ਇੱਕ ਪ੍ਰਤੀਸ਼ਤ...ਰੂਸ ਦਾ ਇੱਕ ਪ੍ਰਤੀਸ਼ਤ ਸਾਮਵਾਦੀ ਹੈ, ਸਗੋਂ, ਪਰ ਉਹ ਨਿਯੰਤਰਣ ਕਰਦੇ ਹਨ।

54 ਅਤੇ ਇਸੇ ਤਰ੍ਹਾਂ, ਹਾਲੀਵੁੱਡ ਇੱਕ ਜਗ੍ਹਾ ਹੈ, ਪਰ ਉਹ ਨਿਯੰਤਰਣ ਵਿੱਚ ਹਨ।

55 ਸੰਯੁਕਤ ਰਾਜ ਦੀ ਲਗਭਗ ਇੱਕ ਤਿਹਾਈ ਜਾਂ ਦੋ ਤਿਹਾਈ ਆਬਾਦੀ ਗਿਰਜੇ ਜਾਂਦੀ ਹੈ, ਅਤੇ ਗਿਰਜੇ ਦੇ ਮੈਂਬਰ ਹਨ, ਪਰ ਉਹ ਉਨ੍ਹਾਂ ਸੰਪ੍ਰਦਾਵਾਂ ਵਿੱਚ ਨਿਯੰਤਰਣ ਕਰਦੇ ਹਨ।

56 ਉਥੇ ਸਾਮਵਾਦ ਨੂੰ ਜਿਸ ਚੀਜ਼ ਦੀ ਜ਼ਰੂਰਤ ਹੈ ਉਹ ਹੈ ਉਨ੍ਹਾਂ ਦੇ ਵਿੱਚ ਪਰਮੇਸ਼ੁਰ ਦੀ ਆਵਾਜ਼ ਉੱਠੇ, ਅਤੇ ਇਹ ਇਸ ਨੂੰ ਸ਼ਰਮਸਾਰ ਕਰ ਦੇਵੇਗੀ।

57 ਫਿਨਲੈਂਡ ਵਿੱਚ, ਜਦੋਂ ਉਸ ਦਿਨ ਉਸ ਛੋਟੇ ਮੁੰਡੇ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਗਿਆ, ਅਤੇ ਉਹ ਮੈਨੂੰ ਤਿੰਨ ਵਰਗ ਦੂਰ ਲਿਆ ਰਹੇ ਸਨ, ਜਿੱਥੇ ਇਹ ਛੋਟਾ ਸਾਥੀ ਜੀ ਉੱਠਿਆ ਸੀ, ਮਰਿਆ ਹੋਇਆ; ਸਾਮਵਾਦੀ ਸਿਪਾਹੀ, ਰੂਸੀ, ਉਥੇ ਰੂਸੀ ਸਲਾਮੀ ਦੇ ਨਾਲ ਖੜ੍ਹੇ ਸਨ, ਅਤੇ ਹੰਝੂ ਉਨ੍ਹਾਂ ਦੀਆਂ ਗਲ਼ਾਂ ਤੋਂ ਵਹਿ ਰਹੇ ਸਨ। ਉਨ੍ਹਾਂ ਨੇ ਕਿਹਾ, "ਅਸੀਂ ਉਸ ਪਰਮੇਸ਼ੁਰ ਨੂੰ ਸਵੀਕਾਰ ਕਰਾਂਗੇ ਜਿਹੜਾ ਮੁਰਦਿਆਂ ਨੂੰ ਜੀਉਂਦਾ ਕਰ ਸਕਦਾ ਹੈ।" ਇਹ ਕੈਥੋਲਿਕ ਚਰਚ ਅਤੇ ਲੂਥਰਨ ਚਰਚ ਦੀ ਲਾਪਰਵਾਹੀ ਹੈ, ਅਤੇ ਉਹਨਾਂ ਸਾਰੀਆਂ ਨਾਮਧਾਰੀ ਕਲੀਸਿਯਾਂ ਦੀ, ਅਤੇ ਉਹ ਸਾਰਾ ਪੈਸਾ ਲੈ ਰਹੇ ਹਨ, ਅਤੇ ਸੰਸਥਾਵਾਂ ਬਣਾ ਰਹੇ ਹਨ, ਅਤੇ ਲੋਕਾਂ ਨੂੰ ਕੁਝ ਵੀ ਨਹੀਂ ਦੇ ਰਹੇ ਹਨ। ਉਹ ਬਾਕੀ ਲੋਕਾਂ ਵਾਂਗ ਰਹਿੰਦੇ ਹਨ। ਉਥੇ ਹੈ...

58 ਰੂਸ ਨੂੰ ਯਹੋਵਾਹ ਦੇ ਵਚਨ ਦੇ ਨਾਲ ਦ੍ਰਿਸ਼ ਤੇ ਉੱਠਣ ਲਈ ਇੱਕ ਨਬੀ ਦੀ ਜ਼ਰੂਰਤ ਹੈ, ਜੋ ਕਿ ਮੂੰਹ ਨੂੰ ਬੰਦ ਕਰ—ਕਰ ਸਕਦਾ ਹੈ। ਫਿਰ ਉਹ ਨੱਬੇ ਪ੍ਰਤੀਸ਼ਤ ਨਿਯੰਤਰਣ ਲੈ ਸਕਦੇ ਹਨ।

59 ਅਮਰੀਕਾ ਨੂੰ ਜਿਸ ਚੀਜ਼ ਦੀ ਜ਼ਰੂਰਤ ਹੈ ਉਹ ਹੈ ਪਰਮੇਸ਼ੁਰ ਦੇ ਨਬੀ ਦੀ ਆਵਾਜ਼, ਜੋ ਖੜ੍ਹਾ ਹੋ ਸਕਦਾ ਹੈ ਅਤੇ ਹਾਲੀਵੁੱਡ ਨੂੰ ਦੋਸ਼ੀ ਠਹਿਰਾਵੇ, ਅਤੇ ਯਿਸੂ ਮਸੀਹ ਦੇ ਨਾਮ ਤੇ ਇਨ੍ਹਾਂ ਚੀਜ਼ਾਂ ਦੀ ਨਿੰਦਾ ਕਰੇ, ਅਤੇ ਪਵਿੱਤਰ ਆਤਮਾ ਦੀ ਕਲੀਸਿਯਾ ਨਿਯੰਤਰਣ ਲੈ ਲਵੇਗੀ। ਬਹੁਤ ਜ਼ਿਆਦਾ ਉਲਝਣ ਹੈ, ਵੇਖੋ, ਇਸਦੇ ਵਿਰੁੱਧ ਬਹੁਤ ਸਾਰੀਆਂ ਆਵਾਜ਼ਾਂ ਹਨ।

60 ਕਲੀਸਿਯਾ, ਇਸਦੀ ਆਵਾਜ਼, ਹਰ ਕੋਈ ਹੋਰ ਮੈਂਬਰ ਚਾਹੁੰਦਾ ਹੈ। ਬੈਪਟਿਸਟ ਇਹ ਸਭ ਚਾਹੁੰਦਾ ਹੈ, ਮੈਥੋਡਿਸਟ ਇਹ ਸਭ ਚਾਹੁੰਦਾ ਹੈ, ਪ੍ਰੈਸਬੀਟੇਰੀਅਨ। ਸਾਡੇ ਸਾਰਿਆਂ ਕੋਲ ਇਹ ਹਨ। ਅਤੇ ਕੈਥੋਲਿਕ ਜਾਪਦੇ ਹਨ

ਕਿ ਇਹ ਸਭ ਕੁਝ ਲੈਣ ਜਾ ਰਹੇ ਹਨ, ਅਤੇ ਉਹ ਲੈ ਲੈਣਗੇ। ਇਹ ਬਿਲਕੁਲ ਇਸ ਬਾਈਬਲ ਵਿੱਚੋਂ ਪਰਮੇਸ਼ੁਰ ਦੀ ਅਵਾਜ਼ ਹੈ। ਉਹ ਰਾਜ ਕਰਨਗੇ।

61 ਪਰ ਅੰਤ ਵਿੱਚ ਸਭ ਤੋਂ ਉੱਚਾ ਪਰਮੇਸ਼ੁਰ ਰਾਜ ਕਰੇਗਾ। ਇੱਕ ਦਿਨ, ਸੰਤ ਨਿਯੰਤਰਣ ਲੈਣਗੇ, ਬਾਈਬਲ ਨੇ ਅਜਿਹਾ ਕਿਹਾ ਹੈ। ਉਹ ਨਿਯੰਤਰਣ ਲੈਣਗੇ।

62 ਅਜਿਹੀਆਂ ਬਹੁਤ ਸਾਰੀਆਂ ਭਿਆਨਕ ਆਵਾਜ਼ਾਂ ਹਨ! ਫਿਰ ਝੂਠੇ ਨਬੀ ਦੀ ਆਵਾਜ਼ ਹੈ। ਇਹ ਇੱਕ ਭਿਆਨਕ ਆਵਾਜ਼ ਹੈ, ਇੱਕ ਆਦਮੀ ਜੋ ਆਪਣੇ ਆਪ ਨੂੰ ਇੱਕ ਨਬੀ ਕਹਿੰਦਾ ਹੈ। ਇੱਕ ਨਬੀ, ਬੇਸ਼ੱਕ, ਇੱਕ ਪ੍ਰਚਾਰਕ ਹੈ। ਆਧੁਨਿਕ ਸ਼ਬਦ "ਨਬੀ" ਦਾ ਅਰਥ ਬਿਲਕੁਲ ਇਹੀ ਹੈ "ਇੱਕ ਆਦਮੀ ਜੋ ਪ੍ਰੇਰਨਾ ਅਧੀਨ ਪ੍ਰਚਾਰ ਕਰਦਾ ਹੈ।" ਇੱਥੇ ਇੱਕ ਆਦਮੀ ਹੈ ਜੋ ਖੜ੍ਹਾ ਹੁੰਦਾ ਹੈ ਅਤੇ ਆਪਣੇ ਆਪ ਨੂੰ ਇੱਕ ਨਬੀ ਕਹਿੰਦਾ ਹੈ, ਅਤੇ ਪਰਮੇਸ਼ੁਰ ਦੇ ਵਚਨ ਤੋਂ ਇਨਕਾਰ ਕਰਦਾ ਹੈ, ਪਰਮੇਸ਼ੁਰ ਦੀ ਸੱਚਾਈ ਤੋਂ ਇਨਕਾਰ ਕਰਦਾ ਹੈ। ਬਹੁਤ ਸਾਰੀਆਂ ਆਵਾਜ਼ਾਂ ਹਨ!

63 ਕੁਝ ਪਲ ਪਹਿਲਾਂ, ਉੱਥੇ ਇੱਕ ਭਰਾ ਸੀ ਜੋ ਮੈਨੂੰ ਨਿਰਦੇਸ਼ ਦੇ ਰਿਹਾ ਸੀ ਕਿ ਕਿੱਥੇ ਆਉਣਾ ਹੈ, ਪਰ ਮੈਂ…ਅੰਦਾਜ਼ਾ ਲਗਾਉਂਦਾ ਹਾਂ ਕਿ ਉਹ ਹੈਰਾਨ ਸੀ ਕਿ ਮੈਂ ਗਲੀ ਵਿੱਚ ਕਿਉਂ ਗਿਆ ਅਤੇ ਮੁੜਿਆ ਅਤੇ ਵਾਪਸ ਆਇਆ। ਜੇ ਤੁਸੀਂ ਇੱਥੇ ਹੋ, ਭਾਈ, ਮੈਂ ਕੁਝ ਸੁਣ ਰਿਹਾ ਸੀ, ਇਹ ਸਾਡੇ—ਸਾਡੇ ਕਾਲੇ ਦੋਸਤ ਸਨ, ਨੀਗਰੋ। ਉਨ੍ਹਾਂ ਕੋਲ ਇੱਥੇ ਇੱਕ ਮੰਦਰ ਹੈ, ਅਤੇ ਉਹ ਇਸਨੂੰ ਆਖਦੇ ਹਨ, "ਏਲੀਯਾਹ ਮੁਹੰਮਦ," ਜਾਂ ਕੁਝ, "ਨੌਜਵਾਨ ਏਲੀਯਾਹ ਮੁਹੰਮਦ।" ਇੱਕ ਅਵਾਜ਼ ਨਾਲ ਉੱਠਦੇ ਹਨ, ਅਤੇ ਕਹਿੰਦੇ ਹਨ ਕਿ ਉਹ ਅਵਾਜ਼ ਹਨ ਜੋ ਕਾਲੀ ਨਸਲ ਨੂੰ—ਨੂੰ ਅਵਿਵਸਥਾ ਵਿੱਚੋਂ ਬਾਹਰ ਲੈ ਆਵੇਗੀ। ਇਹ, ਤੁਸੀਂ ਵੇਖਦੇ ਹੋ, ਸਭ ਤੋਂ ਵੱਡੀ ਗੱਲ, ਉਨ੍ਹਾਂ ਦਾ—ਉਨ੍ਹਾਂ ਦਾ ਮੁਸਲਮਾਨ ਇੱਥੇ ਹੈ, ਉਨ੍ਹਾਂ ਦੀ ਮਸਜਿਦ। ਕਿਉਂ, ਤੁਸੀਂ ਵੇਖੋ, ਇਸਦੀ ਪਿਛੋਕੜ ਨੂੰ, ਇਹ ਗਲਤ ਹੈ!

64 ਕਾਲੇ ਲੋਕ, ਗੋਰੇ ਲੋਕਾਂ ਵਾਂਗ, ਭੂਰੇ ਲੋਕਾਂ, ਅਤੇ ਪੀਲੇ ਲੋਕਾਂ ਵਾਂਗ, ਨਾ ਜਾਉ ਮੁਹੰ-…ਮੁਹੰਮਦਵਾਦ ਵੱਲ ਵਾਪਸ ਨਾ ਜਾਓ, ਪਰ ਮਸੀਹ ਦੇ ਕੋਲ ਵਾਪਸ ਆਓ, ਉਹੀ ਸਿਧਾਂਤ ਜੋ ਬਾਈਬਲ ਸਿਖਾਉਂਦੀ ਹੈ। ਮੁਹੰਮਦਵਾਦ ਵਚਨ ਦੇ ਵਿਰੁੱਧ ਹੈ। ਹੁਣ, ਮੈਨੂੰ ਡਰਬਨ ਵਿਖੇ ਇੱਕ ਵਾਰ ਦਸ ਹਜ਼ਾਰ ਮੁਹੰਮਦਾਂ ਨੂੰ ਮਸੀਹ ਕੋਲ ਅਗਵਾਈ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ, ਦੱਖਣੀ ਅਫਰੀਕਾ। ਇਹ ਮਨੋਵਿਗਿਆਨ ਤੋਂ ਇਲਾਵਾ ਕੁਝ ਵੀ ਪੈਦਾ ਨਹੀਂ ਕਰਦਾ। ਅਤੇ ਮਨੋਵਿਗਿਆਨ ਉਦੋਂ ਤੱਕ ਠੀਕ ਹੈ ਜਦੋਂ ਤੱਕ ਮਨੋਵਿਗਿਆਨ ਵਚਨ ਦਾ ਇਨਕਾਰ ਨਹੀਂ ਕਰਦਾ। ਪਰ ਜਦੋਂ ਮਨੋਵਿਗਿਆਨ ਵਚਨ ਦਾ ਇਨਕਾਰ ਕਰਦਾ ਹੈ, ਤਾਂ ਮਨੋਵਿਗਿਆਨ ਗਲਤ ਹੁੰਦਾ ਹੈ। ਇਹ ਇੱਕ ਅਨਿਸ਼ਚਿਤ

ਆਵਾਜ਼ ਦਿੰਦਾ ਹੈ। ਇੱਥੇ ਹੈ, ਬਾਕੀ ਸਭ ਕੁਝ ਟਲ ਜਾਵੇਗਾ ਪਰਮੇਸ਼ੁਰ ਦਾ ਵਚਨ, ਯਿਸੂ ਨੇ ਅਜਿਹਾ ਕਿਹਾ, "ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰੇ ਬਚਨ ਕਦੇ ਨਾ ਟਲਣਗੇ।" ਇਸ ਲਈ, ਤੁਸੀਂ ਵੇਖਦੇ ਹੋ ਕਿ ਸਾਨੂੰ ਵਚਨ ਦੇ ਨਾਲ ਰਹਿਣਾ ਚਾਹੀਦਾ ਹੈ, ਅਵਾਜ਼।

65 ਬਹੁਤ ਸਾਰੀਆਂ ਉਲਝੀਆਂ ਚੀਜ਼ਾਂ! ਲੋਕ ਉੱਠਦੇ ਹਨ, ਉਹ ਵਚਨ ਨੂੰ ਨਹੀਂ ਜਾਣਦੇ, ਅਤੇ ਉਹ ਗੱਲਾਂ ਕਰਦੇ ਹਨ, ਅਤੇ ਸ਼ਾਇਦ ਇਹ ਬਹੁਤ ਵਾਜਬ ਲੱਗਣ। ਸਾਮਵਾਦ ਇੱਕ ਬਹੁਤ ਹੀ ਵਾਜਬ ਚੀਜ਼ ਹੈ, "ਹਰ ਕੋਈ ਇੱਕੋ ਜਿਹਾ ਹੈ। ਇੱਥੇ ਕੋਈ ਪੂੰਜੀਪਤੀ ਨਹੀਂ ਹਨ, ਉਹ ਸਾਰੇ ਸਾਮਵਾਦੀ ਹਨ।" ਕੀ ਤੁਸੀਂ ਕਦੇ ਇਹ ਸੋਚਣ ਲਈ ਰੁੱਕੇ ਹੋ ਕਿ ਇਹ ਇੱਕ ਝੂਠੀ ਬੇਦਾਰੀ ਹੈ, ਸਾਮਵਾਦ? ਅਤੇ ਇਹ ਸਭ ਉਸ ਨੇ ਕਿਸ ਦੇ ਢਾਂਚੇ ਤੇ ਬਣਾਇਆ? ਯਿਸੂ ਨੇ ਕਿਹਾ, "ਦੋਵੇਂ ਆਤਮਾਵਾਂ ਬਹੁਤ ਨੇੜੇ ਹੋਣਗੀਆਂ, ਜੇ ਹੋ ਸੱਕਦਾ ਤਾਂ ਇਹ ਚੁਣੇ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਲੈਂਦੇ।" ਅਤੇ ਸ਼ੈਤਾਨ ਕੋਲ ਜੋ ਕੁਝ ਵੀ ਹੈ, ਇਹ ਪਰਮੇਸ਼ੁਰ ਦੁਆਰਾ ਬਣਾਈ ਗਈ ਚੀਜ਼ ਦਾ ਵਿਗਾੜ ਹੈ। ਪਾਪ ਹੈ—ਧਰਮ ਦਾ ਵਿਗਾੜ। ਸੱਚ ਨੂੰ ਗਲਤ ਢੰਗ ਨਾਲ ਪੇਸ਼ ਕਰਨਾ ਇੱਕ ਝੂਠ ਹੈ। ਵਿਭਚਾਰ—ਹੈ, ਇੱਕ ਅਜਿਹਾ ਕੰਮ ਜਿਸਨੂੰ ਪਰਮੇਸ਼ੁਰ ਨੇ ਸਾਡੇ ਲਈ ਠਹਿਰਾਇਆ, ਵਿਗੜਿਆ ਹੋਇਆ। ਸਾਰਾ ਅਵਿਸ਼ਵਾਸ ਵਿਸ਼ਵਾਸ ਦਾ ਵਿਗਾੜ ਹੈ। ਵਿਗਾੜ ਨੂੰ—ਨੂੰ ਲੈਣ ਲਈ ਤੁਹਾਨੂੰ ਸੱਚਾਈ ਤੋਂ ਇਨਕਾਰ ਕਰਨਾ ਪਏਗਾ। ਵੇਖੋ, ਇਨ੍ਹਾਂ ਆਵਾਜ਼ਾਂ ਨੂੰ ਸਿੱਧਾ ਕਰੋ, ਵਚਨ ਦੁਆਰਾ ਉਨ੍ਹਾਂ ਨੂੰ ਪਰਖੋ ਅਤੇ ਵੇਖੋ ਕਿ ਕੀ ਇਹ ਸੱਚ ਹੈ।

66 ਔਹ, ਅਸੀਂ ਕਿਵੇਂ ਅੱਗੇ ਅਤੇ ਅੱਗੇ ਜਾ ਸਕਦੇ ਹਾਂ, ਅੱਜ ਦੀਆਂ ਇਨ੍ਹਾਂ ਆਵਾਜ਼ਾਂ ਤੇ, ਪਰ ਸਾਡਾ ਸਮਾਂ ਬੀਤ ਗਿਆ ਹੈ। ਪਰ, ਬਹੁਤ ਸਾਰੀਆਂ ਆਵਾਜ਼ਾਂ ਹਨ ਕਿ ਲੋਕਾਂ ਨੂੰ ਨਹੀਂ ਪਤਾ ਕਿ ਕੀ ਕਰਨਾ ਹੈ। ਮੈਥੋਡਿਸਟ ਆਖਰਕਾਰ ਇੱਕ ਬੈਪਟਿਸਟ ਪ੍ਰਚਾਰਕ ਨੂੰ ਸੁਣੇਗਾ, ਉਹ ਉਥੇ ਚਲੇ ਜਾਣਗੇ, ਉਹ ਉਥੇ ਕੁਝ ਦੇਰ ਰਹਿਣਗੇ ਅਤੇ ਫਿਰ ਉਹ ਲੂਥਰਨ ਕੋਲ ਜਾਣਗੇ। ਅਤੇ ਪੈਂਟੇਕੋਸਟਲਾਂ ਵਿੱਚ, ਉਨ੍ਹਾਂ ਦੇ ਵੱਖੋ ਵੱਖਰੇ ਝੁੰਡ ਹਨ, ਇੱਕ ਇੱਕ ਵੱਲ ਭੱਜੇਗਾ, ਅਤੇ ਇੱਕ ਹੋਰ ਵੱਲ, ਫਿਰ ਅੱਗੇ ਅਤੇ ਪਿੱਛੇ। ਇਹ ਦਰਸਾਉਂਦਾ ਹੈ ਕਿ ਤੁਸੀਂ ਸਥਿਰ ਨਹੀਂ ਹੋ। ਉਸਦੀ ਅਵਾਜ਼ ਸੁਣੋ! ਇਹ ਇਥੇ ਹੈ, ਕਾਗਜ਼ ਤੇ ਲਿਖਿਆ ਹੋਇਆ ਹੈ, ਆਵਾਜ਼, ਜੇ ਇਹ ਸੱਚੀ ਹੈ ਤਾਂ ਅਵਾਜ਼ ਪ੍ਰਮਾਣਿਤ ਕੀਤੀ ਜਾਏਗੀ।

67 ਕਲੀਸਿਯਾ ਜਗਤ ਨਹੀਂ ਜਾਣਦਾ ਕਿ ਕੀ ਕਰਨਾ ਹੈ, ਰਾਜਨੀਤਿਕ ਸੰਸਾਰ ਅਫਰਾਤਫਰੀ ਵਿੱਚ ਹੈ। ਸਭ ਕੁਝ ਅਫਰਾਤਫਰੀ ਵਿੱਚ ਜਾਪਦਾ ਹੈ। ਸਾਥੀ ਇੱਥੋਂ ਭੱਜਦੇ ਹਨ, ਕੁਝ ਹੋਰ ਉੱਠਦਾ ਹੈ, ਕੋਈ ਜੈਕਟ, ਕੋਈ ਕੋਟ। ਜਦੋਂ ਮੈਂ ਰੋਮ ਵਿੱਚ ਸੀ, ਉਨ੍ਹਾਂ ਕੋਲ ਉੱਨੀ ਵੱਖਰੇ ਪ੍ਰਮਾਣਿਤ ਕਿੱਲ ਸਨ ਜੋ ਯਿਸੂ ਦੇ

ਹੱਥਾਂ ਵਿੱਚ ਠੋਕੇ ਗਏ ਸਨ; ਅਤੇ ਇੱਥੇ ਸਿਰਫ ਤਿੰਨ ਹਨ, ਪਰ ਫਿਰ ਵੀ ਉਨ੍ਹਾਂ ਕੋਲ ਰਿਕਾਰਡ ਹੈ ਕਿ ਉਨੀ ਕਿਲ ਸਨ। ਹੁਣ, ਇਸ ਨਾਲ ਕੀ ਫਰਕ ਪੈਂਦਾ ਹੈ ਕਿ ਕਿਲ ਕਿਸ ਕੋਲ ਹੈ? ਮਸੀਹ ਨੇ ਕਦੇ ਵੀ ਉਪਾਸਨਾ ਕਰਨ ਲਈ ਸਾਡੇ ਲਈ ਕਿਲ ਨਹੀਂ ਛੱਡੇ, ਉਸ ਨੇ ਸਾਡੇ ਲਈ ਪਵਿੱਤਰ ਆਤਮਾ ਛੱਡਿਆ, ਆਪਣੇ ਵਚਨ ਦੁਆਰਾ! "ਨਿਹਚਾ ਕਰਣ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ, ਉਨ੍ਹਾਂ ਕੋਲ ਅਸਲ ਕਿਲ ਹੋਣਗੇ"? "ਉਨ੍ਹਾਂ ਕੋਲ ਹੋਵੇਗਾ... ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ, ਉਹ ਉਸ ਨਾਮਧਾਰੀ ਕਲੀਸਿਯਾ ਵਿੱਚ ਹੋਣਗੇ ਜਿਸ ਦੀ ਮੈਂ ਸ਼ੁਰੁਆਤ ਕੀਤੀ ਸੀ"? ਉਸਨੇ ਕੋਈ ਵੀ ਸ਼ੁਰੂ ਨਹੀਂ ਕੀਤੀ। ਵੇਖੋ ਅਵਾਜ਼ ਕਿਵੇਂ ਉਲਟ ਹੈ?

68 ਪਰ, "ਨਿਹਚਾ ਕਰਣ ਵਾਲਿਆਂ ਦੇ ਨਾਲ *ਇਹ* ਨਿਸ਼ਾਨ ਹੋਣਗੇ: ਮੇਰਾ ਨਾਮ ਲੈ ਕੇ ਉਹ ਭੂਤਾਂ ਨੂੰ ਕੱਢਣਗੇ।" ਇੱਥੇ ਵਚਨ ਹੈ। "ਉਹ ਨਵੀਂ ਭਾਸ਼ਾ ਬੋਲਣਗੇ; ਸੱਪਾਂ ਨੂੰ ਚੁੱਕ ਲੈਣਗੇ, ਜੋ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾਏਗਾ। ਜੇ ਉਹ ਜਹਿਰੀਲੀ ਚੀਜ ਪੀ ਲੈਣ, ਤਾਂ ਇਹ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕਰੇਗੀ। ਜੇ ਉਹ ਬਿਮਾਰਾਂ ਤੇ ਹੱਥ ਰੱਖਦੇ ਹਨ, ਤਾਂ ਉਹ ਠੀਕ ਹੋ ਜਾਣਗੇ।" ਅਤੇ ਤੁਸੀਂ ਇਨ੍ਹਾਂ ਚੀਜ਼ਾਂ ਦੇ ਨਾਲ ਨਾਲ ਬਾਕੀ ਸਾਰੇ ਵਚਨ ਨੂੰ ਇਕੱਠਾ ਵੇਖਦੇ ਹੋ।

69 ਹੁਣ, ਇਕੱਲਾ ਹੀ ਇਸ ਨੂੰ ਪ੍ਰਮਾਣਿਤ ਨਹੀਂ ਕਰੇਗਾ, ਬਿਲਕੁਲ ਨਹੀਂ। ਇੱਥੇ ਉਹ ਥਾਂ ਹੈ ਜਿੱਥੇ ਅਸੀਂ ਪੈਂਟੇਕੋਸਟਲ ਗਲਤ ਰਸਤੇ ਤੇ ਆਉਂਦੇ ਹਾਂ। ਕੀ ਯਿਸੂ ਨੇ ਇਹ ਨਹੀਂ ਕਿਹਾ ਸੀ, "ਬਹੁਤ ਸਾਰੇ ਉਸ ਦਿਨ ਮੇਰੇ ਕੋਲ ਆਉਣਗੇ, ਅਤੇ ਕਹਿਣਗੇ, 'ਪ੍ਰਭੂ, ਕੀ ਮੈਂ ਤੇਰੇ ਨਾਮ ਵਿੱਚ ਸ਼ਕਤੀਸ਼ਾਲੀ ਕੰਮ ਨਹੀਂ ਕੀਤੇ? ਕੀ ਮੈਂ ਤੇਰਾ ਨਾਮ ਲੈ ਕੇ ਭਵਿੱਖਬਾਣੀ ਨਹੀਂ ਕੀਤੀ? ਕੀ ਮੈਂ ਇਹ ਸਭ ਕੁਝ ਤੇਰੇ ਨਾਂ ਤੇ ਨਹੀਂ ਕੀਤਾ?'" ਅਤੇ ਯਿਸੂ ਨੇ ਕਿਹਾ, "ਮੇਰੇ ਤੋਂ ਦੂਰ ਹੋਵੋ, ਤੁਸੀਂ ਜਿਹੜੇ ਬੁਰਿਆਈ ਕਰਦੇ ਹੋ, ਮੈਂ ਤੁਹਾਨੂੰ ਕਦੇ ਨਹੀਂ ਜਾਣਦਾ ਸੀ।" ਕੀ ਤੁਸੀਂ ਵੇਖਦੇ ਹੋ, ਮੇਰੀਓ ਭੈਣੋ ਅਤੇ ਮੇਰੇ ਭਰਾਵੋ, ਮੈਂ ਇਸ ਪੀੜ੍ਹੀ ਦੀ ਇੰਨੀ ਨਿੰਦਾ ਅਤੇ ਇਸਨੂੰ ਦੋਸ਼ੀ ਕਿਉਂ ਠਹਿਰਾ ਰਿਹਾ ਹਾਂ? ਤੁਸੀਂ ਮਨੁੱਖਾਂ ਅਤੇ ਦੂਤਾਂ ਦੀ ਤਰ੍ਹਾਂ ਪਰਾਈ ਭਾਸ਼ਾ ਵਿੱਚ ਬੋਲ ਸਕਦੇ ਹੋ, ਤੁਸੀਂ ਗਿਰਜੇ ਦੇ ਆਲੇ ਦੁਆਲੇ ਆਤਮਾ ਵਿੱਚ ਨੱਚ ਸਕਦੇ ਹੋ, ਜਿਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

70 ਮੈਂ ਮੁਹੰਮਦ ਲੋਕਾਂ ਨੂੰ ਇਸ ਤਰ੍ਹਾਂ ਇਧਰ ਉਧਰ ਨੱਚਦੇ ਵੇਖਿਆ ਹੈ। ਮੈਂ ਜਾਦੂਗਰ ਵਿੱਚ ਸੁਣਿਆ ਹੈ...ਜਾਦੂਗਰ ਦੇ ਡੇਰੇ ਵਿੱਚ, ਜਾਦੂਗਰਨੀਆਂ ਨੂੰ ਖੜ੍ਹੇ ਹੁੰਦੇ ਅਤੇ ਭਾਸ਼ਾਵਾਂ ਵਿੱਚ ਬੋਲਦੇ ਅਤੇ ਇਸਦਾ ਤਰਜਮਾ ਕਰਦੇ ਵੇਖਿਆ ਹੈ, ਅਤੇ ਬਿਲਕੁਲ ਦੱਸਿਆ ਕਿ ਕੀ ਹੋਣ ਵਾਲਾ ਸੀ, ਅਤੇ ਇਹ ਉਸੇ ਤਰ੍ਹਾਂ ਹੋਇਆ। ਮੈਂ ਇੱਕ ਕਲਮ ਨੂੰ ਉੱਠਦੇ ਅਤੇ ਅਣਜਾਣ ਭਾਸ਼ਾਵਾਂ ਵਿੱਚ ਲਿਖਦੇ

ਵੀ ਵੇਖਿਆ ਹੈ, ਅਤੇ ਉਥੇ ਸਿਰਫ ਇੱਕ ਹੀ ਇਸਨੂੰ ਪੜ੍ਹ ਸਕਦਾ ਸੀ, ਅਤੇ ਇਹ ਸ਼ੈਤਾਨ ਤੋਂ ਸੀ। ਤੁਸੀਂ ਆਪਣੀ ਅਨੰਤ ਮੰਜ਼ਿਲ ਨੂੰ ਕਿਸੇ ਸੰਵੇਦਨਾ ਦੇ ਅਧਾਰ ਤੇ ਨਹੀਂ ਬਣਾ ਸਕਦੇ। ਸ਼ੈਤਾਨ ਇਨ੍ਹਾਂ ਵਿੱਚੋਂ ਕਿਸੇ ਵੀ ਸੰਵੇਦਨਾ ਦੀ ਨਕਲ ਕਰ ਸਕਦਾ ਹੈ। ਨਹੀਂ...ਇਹ ਮਸੀਹ ਨੂੰ ਜਾਣਨਾ ਹੈ, ਤੁਹਾਡੀ ਜ਼ਿੰਦਗੀ ਵਿੱਚ ਕੁਝ ਬਦਲਦਾ ਹੈ। ਆਪਣੀ ਜ਼ਿੰਦਗੀ ਨੂੰ ਵੇਖੋ ਅਤੇ ਇਸਨੂੰ ਵਚਨ ਦੇ ਨਾਲ ਮਿਲਾਓ, ਅਤੇ ਵੇਖੋ ਕਿ ਤੁਸੀਂ ਕਿੱਥੇ ਹੋ। ਵਸਤੂ ਸੂਚੀ ਲੈਣਾ, ਯਕੀਨਨ।

71 ਇਨ੍ਹਾਂ ਸਭ ਨਕਲਾਂ ਦੇ ਬਾਵਜੂਦ, ਝੂਠੀਆਂ ਆਵਾਜ਼ਾਂ, ਝੂਠੇ ਨਬੀ, ਹੋਰ ਸਾਰੀਆਂ ਚੀਜ਼ਾਂ ਜੋ ਉੱਪਰ ਉੱਠ ਰਹੀਆਂ ਹਨ, ਯਿਸੂ ਨੇ ਫਿਰ ਵੀ ਕਿਹਾ, ਇਸ ਸਭ ਦੇ ਬਾਵਜੂਦ, "ਜੇ ਕੋਈ ਆਦਮੀ ਮੇਰੀ ਅਵਾਜ਼ ਸੁਣੇਗਾ ਅਤੇ ਮੇਰੇ ਪਿੱਛੇ ਆਵੇਗਾ।" ਉਹ ਵਚਨ ਹੈ। ਸੁਣੋ, ਅੱਜ ਸਾਡੇ ਲਈ ਉਸਦਾ ਆਦੇਸ਼, ਇਨ੍ਹਾਂ ਸਾਰੀਆਂ ਆਵਾਜ਼ਾਂ ਦੇ ਵਿੱਚ। ਜਿਸ ਬਾਰੇ, ਮੈਂ ਕਿਹਾ ਸੀ ਕਿ ਇਨ੍ਹਾਂ ਸਾਰੀਆਂ ਆਵਾਜ਼ਾਂ ਨੂੰ ਬਾਹਰ ਲਿਆਉਣ ਲਈ ਘੰਟਿਆਂ ਦਾ ਸਮਾਂ ਲੱਗੇਗਾ। ਅਤੇ ਇਹ ਲੋਕਾਂ ਲਈ ਉਲਝਣ ਵਾਲੀ ਗੱਲ ਹੈ, ਇਹ ਇੱਕ ਤਰਸਯੋਗ ਗੱਲ ਹੈ। ਅਤੇ, ਆਖਰਕਾਰ, ਤੁਹਾਨੂੰ ਦੂਜਾ ਮੌਕਾ ਨਹੀਂ ਮਿਲੇਗਾ, ਤੁਹਾਨੂੰ ਇਸਨੂੰ ਹੁਣੇ ਲੈਣਾ ਪਏਗਾ। ਹੋ ਸਕਦਾ ਹੈ ਕਿ ਤੁਹਾਨੂੰ ਅੱਜ ਰਾਤ ਮੌਕਾ ਨਾ ਮਿਲੇ। ਹੋ ਸਕਦਾ ਹੈ ਕਿ ਤੁਹਾਨੂੰ ਕੱਲ੍ਹ ਮੌਕਾ ਨਾ ਮਿਲੇ। ਇਹ ਹੁਣ ਹੈ! "ਜਦੋਂ ਤੁਸੀਂ ਮੇਰੀ ਆਵਾਜ਼ ਸੁਣੋ, ਆਪਣੇ ਦਿਲ ਨੂੰ ਕਠੋਰ ਨਾ ਕਰੋ, ਜਿਵੇਂ ਬਗਾਵਤ ਦੇ ਦਿਨਾਂ ਵਿੱਚ। ਹੁਣ ਸਮਾਂ ਹੈ। ਇਹ ਮਨ ਭਾਉਂਦਾ ਸਮਾਂ ਹੈ ਕਿ ਜੇ ਕੋਈ ਆਦਮੀ ਮੇਰੀ ਆਵਾਜ਼ ਸੁਣੇ।" ਇਹ ਦਰਸਾਉਂਦਾ ਹੈ ਕਿ ਉਸਦੀ ਅਵਾਜ਼ ਇਸ ਅਫਰਾਤਫਰੀ ਦੇ ਵਿਚਕਾਰ ਵੀ ਰਹੇਗੀ। ਉਸ ਕੋਲ ਅਜੇ ਵੀ ਇੱਕ ਆਵਾਜ਼ ਹੈ! ਕਿਉਂ? ਉਸਦੀ ਆਵਾਜ਼ ਸਦਾ ਕਾਇਮ ਰਹੇਗੀ। ਇੱਥੇ ਇਹ ਹੈ, "ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰੀ ਅਵਾਜ਼ ਨਹੀਂ ਮਿਟੇਗੀ," ਉਸਦਾ ਵਚਨ।

72 ਚਲੋ ਬੱਸ ਲਵਾਂਗੇ, ਕਹੋ, ਹੋਰ ਪੰਜ ਮਿੰਟ, ਜਲਦੀ। ਕੀ ਤੁਸੀਂ, ਕੀ ਤੁਸੀਂ ਇੰਨਾ ਚਿਰ ਰੁਕੋਗੇ, ਜਾਂ ਕੁਝ ਮਿੰਟਾਂ ਲਈ? ਹੁਣ, ਮੈਂ ਜਲਦੀ ਕਰਾਂਗਾ। ਆਓ ਬਸ ਕੁਝ ਲੋਕਾਂ ਨੂੰ ਲਵਾਂਗੇ ਜਿਨ੍ਹਾਂ ਨੇ ਇਸ ਅਵਾਜ਼ ਨੂੰ ਸੁਣਿਆ ਅਤੇ ਇਸਦੀ ਆਗਿਆਕਾਰੀ ਕੀਤੀ। ਇਸਨੇ ਉਨ੍ਹਾਂ ਤੋਂ ਕੀ ਕੰਮ ਕਰਵਾਈਆ, ਇਸਨੇ ਉਨ੍ਹਾਂ ਤੋਂ ਕੀ ਕਰਵਾਇਆ। ਹੁਣ, ਮੈਂ ਇੱਥੇ ਬਹੁਤ ਸਾਰੀਆਂ ਲਿੱਖਤਾਂ ਨੂੰ—ਨੂੰ ਛੱਡ ਰਿਹਾ ਹਾਂ, ਸਿਰਫ ਤੁਹਾਡੇ ਵਲ ਸਿੱਧਾ ਪਹੁੰਚਣ ਲਈ: ਇਸਨੇ ਉਨ੍ਹਾਂ ਦੀ ਜ਼ਿੰਦਗੀ ਅਤੇ ਉਸ ਸਭ ਨੂੰ ਜੋ ਉਨ੍ਹਾਂ ਬਾਰੇ ਸੀ ਕਿਵੇਂ ਬਦਲ ਦਿੱਤਾ; ਉਹ ਕਿਵੇਂ ਵਿਚਿਤ੍ਰ ਆਦਮੀ ਬਣ ਗਏ, ਅਸੀਂ ਇੱਕ "ਵਿਚਿਤ੍ਰ ਆਦਮੀ" ਕਹਿੰਦੇ ਹਾਂ। ਹਰ ਉਹ ਆਦਮੀ ਜੋ ਕਦੇ ਪਰਮੇਸ਼ੁਰ ਤੇ ਨਿਹਚਾ ਕਰਦਾ ਸੀ, ਇੱਕ ਵਿਚਿਤ੍ਰ ਆਦਮੀ ਮੰਨਿਆ ਜਾਂਦਾ ਸੀ। ਕਿਉਂਕਿ, ਜੇ ਤੁਸੀਂ ਦੁਨੀਆ ਦੇ ਰੁਝਾਨ ਵਿੱਚ ਹੋ, ਤਾਂ

ਤੁਹਾਡੇ ਨਾਲ ਕੁਝ ਗਲਤ ਹੈ। ਇੱਕ ਮਸੀਹੀ ਬਣਨ ਲਈ ਤੁਹਾਨੂੰ ਇੱਕ ਵਿਚਿਤ੍ਰ ਆਦਮੀ ਹੋਣਾ ਚਾਹੀਦਾ ਹੈ। "ਸੱਭੇ ਜਿੰਨੇ ਮਸੀਹ ਯਿਸੂ ਵਿੱਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ। ਉਹ ਜਗਤ ਵਿੱਚ ਸੀ, ਅਤੇ ਜਗਤ ਉਸ ਤੋਂ ਰਚਿਆ ਗਿਆ, ਪਰ ਜਗਤ ਨੇ ਉਸ ਨੂੰ ਨਾ ਪਛਾਣਿਆ।" ਹੁਣ ਛੇਤੀ ਨਾਲ, ਧਿਆਨ ਨਾਲ ਸੁਣੋ ਅਸੀਂ ਸਮਾਪਤੀ ਕਰ ਰਹੇ ਹਾਂ।

73 ਆਦਮ ਨੇ ਉਸਦੀ ਆਵਾਜ਼ ਸੁਣੀ, ਸ਼ਾਮ ਦੇ ਠੰਢੇ ਵੇਲੇ, ਅਤੇ ਉਸਦੇ ਨਾਲ ਸੰਗਤ ਕੀਤੀ। ਆਦਮ ਉਤੇ ਕੋਈ ਦੋਸ਼ ਨਹੀਂ ਸੀ। ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ, ਅਤੇ ਉਸਨੇ ਕਿਹਾ, "ਪਿਤਾ, ਹੁਣ ਮੈਂ ਸੌਣ ਲਈ ਲੇਟਦਾ ਹਾਂ।" ਅਤੇ ਉਹ ਲੰਮਾ ਪੈ ਗਿਆ, ਅਤੇ ਹੱਵਾ ਉਸਦੀ ਬਾਂਹ ਉੱਤੇ ਸੀ, ਸ਼ੇਰ, ਬਾਘ, ਅਤੇ ਜੰਗਲੀ ਜਾਨਵਰ ਉਸਦੇ ਆਲੇ ਦੁਆਲੇ ਰੱਖੇ ਗਏ ਸਨ, ਕੋਈ ਹਾਨੀ ਨਹੀਂ ਸੀ, ਬਿਮਾਰ ਹੋਣ ਦਾ ਕੋਈ ਤਰੀਕਾ ਨਹੀਂ ਸੀ, ਕੋਈ ਹੈਰਾਨੀ ਨਹੀਂ ਕਿ ਕੀ ਉਹ ਸਵੇਰੇ ਜਾਗੇਗਾ, ਉਹ ਜਾਗਣਗੇ। ਆਦਮ ਨੇ ਉਸਦੀ ਆਵਾਜ਼ ਨੂੰ ਉਸ ਤਰੀਕੇ ਨਾਲ ਸੁਣਿਆ ਜਿਸ ਤਰ੍ਹਾਂ ਉਸਨੂੰ ਸੁਣਨੀ ਚਾਹੀਦੀ ਸੀ।

74 ਪਰ ਇੱਕ ਦਿਨ ਉਸਨੇ ਆਪਣੀ ਪਤਨੀ ਦੀ ਆਵਾਜ਼ ਸੁਣੀ। ਚੰਗਾ ਹੋਵੇਗਾ ਮੈਂ ਇਸ ਨੂੰ ਕੁਝ ਦੇਰ ਲਈ ਇਕੱਲਾ ਛੱਡ ਦੇਵਾਂ। ਪਰ ਉਸਨੇ ਗਲਤ ਅਵਾਜ਼ ਨੂੰ ਸੁਣਿਆ, ਫਿਰ ਵੀ ਇਹ ਉਸਦੀ ਪਤਨੀ ਸੀ, ਧਰਤੀ ਉੱਤੇ ਉਸਦਾ ਸਭ ਤੋਂ ਨੇੜਲਾ ਰਿਸ਼ਤਾ। ਕਿਉਂ ਨਹੀਂ ਉਸਨੇ, ਜਿਵੇਂ ਅੱਯੂਬ ਨੇ ਕਿਹਾ, "ਤੂੰ ਮੂਰਖ ਔਰਤ ਵਾਂਗ ਬੋਲਦੀ ਹੈਂ"? ਜੇ ਅਜਿਹਾ ਹੁੰਦਾ, ਤਾਂ ਸਾਰੀ ਮਨੁੱਖ ਜਾਤੀ ਮਰਨ ਦੀ ਬਜਾਏ ਜੀਉਂਦੀ ਹੁੰਦੀ। ਇਸ ਨੇ ਮਨੁੱਖਾਂ ਅਤੇ ਸਮੇਂ ਦਾ ਰਾਹ ਬਦਲ ਦਿੱਤਾ। ਪਰ ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ, ਉਸਨੇ ਇਸ ਨਾਲ ਸੰਗਤੀ ਕੀਤੀ, ਪਰ ਜਦੋਂ ਉਹ ਮੁੜਿਆ...ਉਸਨੂੰ ਕਿਵੇਂ ਪਤਾ ਲੱਗਾ ਕਿ ਉਸਦੀ ਪਤਨੀ ਗਲਤ ਸੀ? ਯਾਦ ਰੱਖੋ, ਇਹ ਸੁਹਾਵਣੀ ਸੀ।

75 ਅਸੀਂ ਅੱਜ ਸੋਚਦੇ ਹਾਂ ਕਿ ਸਾਡੀ ਸੰਸਥਾ, ਕਲੀਸਿਯਾ, ਅਸੀਂ ਸੋਚਦੇ ਹਾਂ ਕਿ ਸਾਡੀ ਖੁਸ਼ਹਾਲੀ ਦਾ ਮਤਲਬ ਹੈ ਕਿ ਪਰਮੇਸ਼ੁਰ ਸਾਡੇ ਤੇ ਮੁਸਕਰਾ ਰਿਹਾ ਹੈ। ਇਹ ਚੰਗਾ ਲਗਦਾ ਹੈ। ਇਹ ਚੰਗਾ ਲੱਗਿਆ ਜਦੋਂ ਮੀਕਾਯਾਹ ਉੱਥੇ ਚਾਰ ਸੌ ਨਬੀਆਂ ਦੇ ਸਾਮ੍ਹਣੇ ਖੜ੍ਹਾ ਸੀ, ਅਤੇ ਸਾਰੀ ਧਰਤੀ ਉਨ੍ਹਾਂ ਦੀ ਸੀ, ਅਤੇ ਫਿਲਿਸਤੀ ਉਸ ਉੱਤੇ ਸਨ, ਜਾਂ, ਸੀਰੀਆ ਦੇ ਲੋਕ, ਇਹ ਚੰਗਾ ਲੱਗ ਰਿਹਾ ਸੀ। ਇਹ ਨਬੀ ਦੱਸ ਰਹੇ ਸਨ, "ਬਾਹਰ ਜਾਉ, ਇਹ ਸਾਡਾ ਹੈ। ਇਸ ਨੂੰ ਲੈ ਲਵੋ!" ਪਰ ਇਹ ਪਰਮੇਸ਼ੁਰ ਦੀ ਅਵਾਜ਼ ਨਹੀਂ ਸੀ। ਅਤੇ ਮੀਕਾਯਾਹ ਮੁੜਿਆ ਅਤੇ ਅਵਾਜ਼ ਨੂੰ ਸਰਾਪ ਦਿੱਤਾ। ਅਤੇ ਉਹ ਇਹ ਕਿਵੇਂ ਜਾਣਦਾ ਸੀ ਕਿ ਇਹ ਕਰਨਾ ਹੈ? ਕਿਉਂਕਿ ਉਸਦਾ ਦਰਸ਼ਨ ਬਿਲਕੁਲ ਵਚਨ ਦੇ ਨਾਲ ਸੀ। ਇਸ ਤੇ

ਭਰੋਸਾ ਕਰਨ ਦਾ ਅਤੇ ਅੱਜ ਇਸ ਨੂੰ ਵੇਖਣ ਦਾ ਇਹ ਇਕੋ ਇਕ ਤਰੀਕਾ ਹੈ, ਇਹ ਵਚਨ ਤੇ ਹੋਣਾ ਚਾਹੀਦਾ ਹੈ।

76 ਫਿਰ ਤੁਸੀਂ ਵੇਖਿਆ? ਜਦੋਂ ਆਦਮ ਨੇ ਪਰਮੇਸ਼ੁਰ ਦੀ ਆਵਾਜ਼ ਤੋਂ ਇਲਾਵਾ ਇੱਕ ਹੋਰ ਆਵਾਜ਼ ਸੁਣੀ, ਉਸਦੀ ਆਪਣੀ ਪਤਨੀ...ਅਤੇ ਕਲੀਸਿਯਾ ਆਪਣੀ ਸੰਸਥਾ ਦੀ ਅਵਾਜ਼ ਸੁਣ ਰਹੀ ਹੈ, ਉਨ੍ਹਾਂ ਵਿੱਚ ਵਚਨ ਦੀ ਬਜਾਏ ਉਨ੍ਹਾਂ ਦੇ ਅਕੀਦੇ ਸ਼ਾਮਲ ਕਰ ਰਹੀ ਹੈ, ਉਨ੍ਹਾਂ ਨੂੰ ਕਿਸੇ ਵੀ ਤਰੀਕੇ ਨਾਲ ਜਿਉਣ ਦੇ ਰਹੀ ਹੈ ਜਿਸ ਤਰ੍ਹਾਂ ਵੀ ਉਹ ਚਾਹੁੰਦੇ ਹਨ। ਜਿੰਨਾ ਚਿਰ ਉਹ ਗਿਰਜੇ ਜਾਂਦੇ ਹਨ ਅਤੇ ਕਿਸੇ ਖਾਸ ਕਲੀਸਿਯਾ ਦੇ ਮੈਂਬਰ ਹੁੰਦੇ ਹਨ, ਇਹ ਸਭ ਕੁਝ ਮਹੱਤਵ ਰੱਖਦਾ ਹੈ। ਧਰਤੀ ਉੱਤੇ ਵਿਸ਼ਵਾਸੀ ਦਾ ਸਭ ਤੋਂ ਨੇੜਲਾ ਸੰਬੰਧ, ਉਨ੍ਹਾਂ ਲਈ, ਕਲੀਸਿਯਾ ਹੈ। ਪਰ ਵਿਸ਼ਵਾਸੀ, ਅਸਲ ਵਿਸ਼ਵਾਸੀ ਲਈ, ਸਭ ਤੋਂ ਨੇੜਲਾ ਸੰਬੰਧ ਪਵਿੱਤਰ ਆਤਮਾ ਹੈ, ਪਰਮੇਸ਼ੁਰ ਦਾ ਵਚਨ ਹੈ।

77 ਇਸ ਲਈ ਤੁਹਾਨੂੰ ਪਤਾ ਲਗਦਾ ਹੈ ਕਿ ਆਦਮ ਨੂੰ ਉਸਦੀ ਹਾਲਤ ਦਾ ਅਹਿਸਾਸ ਹੋਇਆ, ਅਤੇ ਉਸਨੇ ਪਰਮੇਸ਼ੁਰ ਦੀ ਅਵਾਜ਼ ਨੂੰ ਦੁਬਾਰਾ ਬੁਲਾਉਂਦੇ ਹੋਏ ਸੁਣਿਆ, ਅਤੇ ਉਹ ਉਸ ਸਮੇਂ ਅੰਜੀਰ ਦੇ ਪੱਤਿਆਂ ਵਿੱਚ ਸੀ। ਪਰ ਇਹ ਫਟਕਾਰ ਦੀ ਆਵਾਜ਼ ਸੀ, "ਤੁਸੀਂ ਅਜਿਹਾ ਕਿਉਂ ਕੀਤਾ?"

78 ਮੈਂ ਹੈਰਾਨ ਹਾਂ ਕਿ ਕੀ ਅੱਜ ਅਮਰੀਕਾ, ਜਾਂ ਜਗਤ ਆਪਣੀ ਧਾਰਮਿਕ ਉਥਲ-ਪੁਥਲ, ਜਿਵੇਂ ਇਹ ਹੈ, ਅਤੇ ਅਮਰੀਕਾ ਨਿਗਲ ਰਿਹਾ ਹੈ, ਨਿਗਲਿਆ ਜਾ ਰਿਹਾ ਹੈ, ਇਹ ਬਹੁਤ ਜਲਦੀ ਇੱਕ ਰਾਸ਼ਟਰੀ ਧਰਮ ਬਣ ਜਾਵੇਗਾ। [ਟੇਪ ਉਤੇ ਖਾਲੀ ਥਾਂ—ਸੰਪਾ।]

79 ਮੇਰੇ ਅੱਗੇ ਕੌਣ ਖੜ੍ਹਾ ਹੈ? ਮੈਂ ਜਾਣਦਾ ਹਾਂ ਕਿ ਇਹ ਟੇਪਾਂ ਹਨ ਅਤੇ ਇਹ ਪੂਰੀ ਦੁਨੀਆ ਵਿੱਚ ਜਾਣਗੀਆਂ। ਸਾਡੇ ਕੋਲ ਟੇਪ ਪ੍ਰੋਗਰਾਮ ਹਨ, ਜੋ ਕਿ ਹਰ ਸੰਦੇਸ਼ ਨੂੰ ਸਾਰੇ ਵਿਸ਼ਵ ਵਿੱਚ ਲੈ ਜਾਂਦਾ ਹੈ, ਦੂਜੇ ਸਾਰੇ ਦੇਸ਼ਾਂ ਵਿੱਚ।

80 ਪਰ, ਜੇ ਤੁਸੀਂ ਨਜਰ ਮਾਰੋ ਅਤੇ ਵੇਖੋ, ਤੁਸੀਂ ਸਿਰਫ ਅੰਜੀਰ ਦੇ ਪੱਤਿਆਂ ਵਿੱਚ ਖੜ੍ਹੇ ਹੋ। ਜਦੋਂ ਪਰਮੇਸ਼ੁਰ ਦੀ ਸੱਚੀ ਆਵਾਜ਼ ਬਾਹਰ ਆਉਂਦੀ ਹੈ, ਉਹ ਨਹੀਂ ਜਾਣਦੇ ਕਿ ਇਸ ਬਾਰੇ ਕੀ ਕਰਨਾ ਹੈ। ਇਹ ਉਲਝਣ ਵਾਲਾ ਹੈ, ਉਹ ਨਹੀਂ ਜਾਣਦੇ ਕਿ ਕੀ ਕਰਨਾ ਹੈ।

81 ਜਲਦੀ ਨਾਲ, ਨੂਹ ਨੇ ਪਰਮੇਸ਼ੁਰ ਦੀ ਅਵਾਜ਼ ਸੁਣੀ। ਇਹ ਉਸਦੀ ਜਾਨ ਬਚਾਉਣ ਦੀ ਤਿਆਰੀ ਕਰ ਰਹੀ ਸੀ, ਅਤੇ ਉਸਨੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਅਤੇ ਉਹ ਖੜ੍ਹਾ ਹੋ ਗਿਆ।

82 ਜੇ ਕੋਈ ਆਦਮੀ ਅਵਾਜ਼ ਸੁਣਦਾ ਹੈ...ਹੁਣ ਸੁਣੋ, ਇਸ ਨੂੰ ਚੰਗੀ ਤਰ੍ਹਾਂ ਫੜੋ। ਅਸਫਲ ਨਾ ਹੋਣਾ। ਜੇ ਕੋਈ ਆਦਮੀ ਕਿਸੇ ਚੀਜ਼ ਦੀ ਆਵਾਜ਼ ਸੁਣਦਾ

ਹੈ, ਅਤੇ ਜੇ ਇਹ ਪਰਮੇਸ਼ੁਰ ਦੀ ਆਵਾਜ਼ ਸਾਬਤ ਹੁੰਦੀ ਹੈ, ਅਤੇ ਸਮੇਂ ਤੇ, ਅਤੇ ਫਿਰ ਇਹ ਮਨੁੱਖ ਤੋਂ ਅੱਗੇ ਵੱਧਦੀ ਹੈ, ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਇਹ ਵਚਨ ਨਹੀਂ ਟਲ ਸਕਦਾ।

83 ਨੂਹ ਨੇ ਅਵਾਜ਼ ਸੁਣੀ, ਅਤੇ ਸੰਸਾਰ ਨੂੰ ਦੋਸ਼ੀ ਠਹਿਰਾਇਆ। ਅਤੇ ਉਹ ਉਸਦੇ ਮੂੰਹ ਤੇ ਹੱਸੇ ਕਿਉਂਕਿ ਉਸਦਾ—ਉਸਦਾ ਸੰਦੇਸ਼ ਉਨ੍ਹਾਂ ਦੀਆਂ ਵਿਗਿਆਨਕ ਪ੍ਰਾਪਤੀਆਂ ਦਾ ਮੁਕਾਬਲਾ ਨਹੀਂ ਕਰ ਸਕਿਆ, ਪਰ ਮੀਂਹ ਪਿਆ ਅਤੇ ਸਾਰੀ ਦੁਨੀਆਂ ਨੂੰ ਤਬਾਹ ਕਰ ਦਿੱਤਾ। ਵੇਖਿਆ? ਉਸਦੀ ਅਵਾਜ਼ ਜਿਹੜੀ ਅੱਗੇ ਨਿਕਲ ਗਈ, ਬੀਜ ਉੱਥੇ ਪਿਆ ਸੀ। ਹਰ ਜੁੱਗ ਵਿੱਚ ਇਹ ਉਸੇ ਤਰ੍ਹਾਂ ਰਿਹਾ ਹੈ।

84 ਸੈਮੂਅਲ, ਜਦੋਂ ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ ਤਾਂ ਉਹ ਘਬਰਾ ਗਿਆ, ਕਿ ਉਹ ਸੀ...ਜਾਹ ਅਤੇ ਏਲੀ ਨੂੰ ਫਟਕਾਰ, ਉਹ ਆਦਮੀ ਜਿਸਨੇ ਉਸਦਾ ਪਾਲਣ ਪੋਸ਼ਣ ਕੀਤਾ ਸੀ।ਉਹ ਆਦਮੀ ਜੋ ਉਸਦੇ ਲਈ ਪਿਤਾ ਸਮਾਨ ਸੀ ਅਤੇ ਉਸਨੇ ਉਸਨੂੰ ਪਾਲਿਆ ਅਤੇ ਉਸਨੂੰ ਖੁਆਇਆ ਸੀ।

85 ਸੇਵਕ ਭਰਾਵੋ, ਕੀ ਮੈਂ ਕਰਾਂ? ਸੇਵਕ, ਕਈ ਵਾਰ, ਉਨ੍ਹਾਂ ਦੇ ਨਾਮਧਾਰੀ ਕਲੀਸਿਯਾ ਅਤੇ ਅਕੀਦਿਆਂ ਦੇ ਆਧਾਰ ਤੇ, ਉਨ੍ਹਾਂ ਦੀ ਜੇਬ ਵਿੱਚ ਉਨ੍ਹਾਂ ਦੇ ਪ੍ਰਮਾਣ ਪੱਤਰ, ਉਸੇ ਹੀ ਪਿਤਾ ਦੇ, ਉਸੇ ਹੀ ਸੰਸਥਾ ਜਿਸ ਨੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਅਤੇ ਉਨ੍ਹਾਂ ਨੂੰ ਖੁਆਇਆ ਅਤੇ ਉਨ੍ਹਾਂ ਨੂੰ ਪਾਲਿਆ ਅਤੇ ਉਨ੍ਹਾਂ ਨੂੰ ਕਲੀਸਿਯਾ ਵਿੱਚ ਪਦਵੀ ਤੇ ਰੱਖਿਆ, ਅਤੇ ਉਨ੍ਹਾਂ ਨੂੰ ਇਕ ਸਭਾ ਵਿਚ ਰੱਖਿਆ, ਤੁਹਾਨੂੰ ਉਸ ਦੇ ਅੱਗੇ ਝੁਕਣਾ ਪਏਗਾ ਜੋ ਉਹ ਸਿਖਾਉਂਦੇ ਹਨ। ਸਮਝੇ? ਪਰਮੇਸ਼ੁਰ ਦੇ ਸੱਚੇ ਸੇਵਕ ਲਈ ਪਰਮੇਸ਼ੁਰ ਦੀ ਅਵਾਜ਼ ਸੁਣਨਾ ਕਿੰਨੀ ਭਿਆਨਕ ਗੱਲ ਹੋਵੇਗੀ ਅਤੇ ਉਸੇ ਮਾਂ ਸੰਸਥਾ ਵਿੱਚ ਵਾਪਸ ਆਉਣਾ, ਕਹਿਣਾ, "ਤੁਸੀਂ ਦੋਸ਼ੀ ਹੋ ਕਿਉਂਕਿ ਤੁਸੀਂ ਇਸ ਵਚਨ ਨੂੰ ਸਵੀਕਾਰ ਨਹੀਂ ਕਰਦੇ।" ਕੈਸੀ ਗੱਲ ਹੈ!

ਸੈਮੂਅਲ ਲਈ ਇਹ ਔਖਾ ਸੀ। ਪਰ ਉਹ ਇੱਕ ਨਬੀ ਸੀ, ਉਸਨੂੰ ਇਹ ਕਰਨਾ ਪਿਆ। ਚਾਹੇ ਇਸ ਨਾਲ ਠੇਸ ਪਹੁੰਚੇ ਜਾਂ ਨਹੀਂ, ਉਸਨੂੰ ਕਿਸੇ ਵੀ ਤਰ੍ਹਾਂ ਇਹ ਕਰਨਾ ਪਏਗਾ।

86 ਮੂਸਾ ਨੇ ਪਰਮੇਸ਼ੁਰ ਦੀ ਅਵਾਜ਼ ਸੁਣੀ। ਉਹ ਧਰਮ ਸ਼ਾਸਤਰ ਨਾਲ ਭਰਿਆ ਹੋਇਆ ਸੀ। ਉਹ *ਅੰਦਰ* ਅਤੇ *ਬਾਹਰ* ਸਭ ਜਾਣਦਾ ਸੀ, ਪਰ ਇਹ ਅਸਫਲ ਰਿਹਾ। ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ, ਮੂਸਾ ਫਿਰ ਕਦੇ ਵੀ ਉਹੀ ਨਾ ਰਿਹਾ।

87 ਅਤੇ ਕੋਈ ਵੀ ਆਦਮੀ ਕਦੇ ਵੀ ਉਹੀ ਨਹੀਂ ਰਹਿੰਦਾ। ਤੁਸੀਂ ਸ਼ਾਇਦ ਆਪਣੇ ਕੰਨਾਂ ਵਿੱਚ ਆਵਾਜ਼ ਨੂੰ—ਨੂੰ ਬੋਲਦੇ ਹੋਏ ਸੁਣੋ, ਪਰ ਜਦੋਂ ਤੁਸੀਂ ਆਪਣੇ ਦਿਲ ਵਿੱਚ ਸੁਣਦੇ ਹੋ, ਆਵਾਜ਼ ਨੂੰ ਬੋਲਦੇ ਹੋਏ, ਵੇਖੋ, ਉਦੋਂ ਤੁਸੀਂ ਸੁਣ ਰਹੇ ਹੁੰਦੇ ਹੋ। ਤੁਸੀਂ ਆਪਣੀ ਅੱਖ ਨਾਲ ਨਹੀਂ ਵੇਖਦੇ। ਤੁਸੀਂ ਆਪਣੀ ਅੱਖ ਨਾਲ ਤੱਕਦੇ ਹੋ, ਤੁਸੀਂ ਆਪਣੇ ਦਿਲ ਨਾਲ ਵੇਖਦੇ ਹੋ। ਤੁਸੀਂ ਕੁਝ ਵੇਖਦੇ ਹੋ, ਕਹੋ, "ਮੈਂ ਇਸਨੂੰ ਨਹੀਂ ਵੇਖਦਾ," ਤੁਹਾਡਾ ਮਤਲਬ ਹੈ ਕਿ ਤੁਸੀਂ ਇਸ ਨੂੰ ਨਹੀਂ ਸਮਝਦੇ। ਤੁਸੀਂ ਆਪਣੇ ਕੰਨਾਂ ਨਾਲ ਨਹੀਂ ਸੁਣਦੇ, ਤੁਸੀਂ ਆਪਣੇ ਦਿਲ ਨਾਲ ਸੁਣਦੇ ਹੋ। ਕਈ ਵਾਰ ਤੁਹਾਡੇ ਕੰਨ ਪਰਮੇਸ਼ੁਰ ਦੀ ਸੱਚੀ ਆਵਾਜ਼ ਸੁਣਦੇ ਹਨ, ਅਤੇ ਇਹ ਤੁਹਾਡੇ ਤੋਂ ਇੰਝ ਡਿੱਗਦਾ ਹੈ ਜਿਵੇਂ ਬਤਖ ਦੀ ਪਿੱਠ ਤੋਂ ਪਾਣੀ। ਪਰ ਜਦੋਂ ਤੁਸੀਂ ਸੱਚਮੁੱਚ ਸੁਣਦੇ ਹੋ, ਤੁਸੀਂ ਆਪਣੇ ਦਿਲ ਤੋਂ ਸੁਣਦੇ ਹੋ।

88 ਅਤੇ ਸਾਰੀ ਵਿਦਿਆ ਜੋ ਮੂਸਾ ਕੋਲ ਸੀ, ਉਸਨੇ ਪਰਮੇਸ਼ੁਰ ਦੀ ਅਵਾਜ਼ ਨਹੀਂ ਸੁਣੀ ਸੀ। ਪਰ ਇੱਕ ਦਿਨ ਪਰਮੇਸ਼ੁਰ ਨੇ ਇਸ ਅੱਸੀ-ਸਾਲਾ ਭੇਡਾਂ ਚਾਰਨ ਵਾਲੇ ਨੂੰ ਇੱਕ ਪਾਸੇ ਬੁਲਾਇਆ ਅਤੇ ਉਸ ਨਾਲ ਗੱਲ ਕੀਤੀ, ਅਤੇ ਉਸਨੇ ਇਸਨੂੰ ਫੜ ਲਿਆ। ਉਸਨੇ ਸਾਬਤ ਕਰ ਦਿੱਤਾ ਕਿ ਉਹ ਪਰਮੇਸ਼ੁਰ ਸੀ। ਸਭ ਤੋਂ ਪਹਿਲੀ ਚੀਜ ਜੋ ਉਸਨੇ ਮੂਸਾ ਨਾਲ ਕੀਤੀ, ਉਸਦੇ ਵਚਨ ਨੂੰ ਸਹੀ ਸਾਬਤ ਕੀਤਾ, "ਮੈਂ ਹੇਠਾਂ ਜਾ ਰਿਹਾ ਹਾਂ, ਮੈਨੂੰ ਯਾਦ ਹੈ ਕਿ ਮੈਂ ਕੀ ਵਾਅਦਾ ਕੀਤਾ ਸੀ।"

89 ਅਤੇ ਇਹੀ ਉਹ ਹੈ ਜਿਸਦਾ ਉਸਨੇ ਅੰਤ ਦੇ ਦਿਨਾਂ ਲਈ ਵਾਅਦਾ ਕੀਤਾ ਸੀ। ਉਹ ਗ਼ੈਰ ਯਹੂਦੀਆਂ ਵਿੱਚੋਂ ਲੋਕਾਂ ਨੂੰ ਖੜਾ ਕਰੇਗਾ, ਅਤੇ ਸਾਰੇ ਵਾਅਦੇ।

90 "ਮੈਂ ਇਹ ਵਾਅਦਾ ਕੀਤਾ ਹੈ।" ਕਿਹਾ, "ਮੂਸਾ, ਆਪਣੀ ਜੁੱਤੀ ਲਾਹ।" ਦੂਜੇ ਸ਼ਬਦਾਂ ਵਿੱਚ, ਇਸਦਾ ਆਦਰ ਕਰੋ। "ਹੁਣ ਆਪਣੇ ਸੋਟੇ ਨੂੰ ਹੇਠਾਂ ਸੁੱਟ।" ਅਤੇ ਮਾਰੂਥਲ ਦੀ ਇੱਕ—ਇੱਕ ਸੁੱਕੀ ਸੋਟੀ ਸੱਪ ਬਣ ਗਈ, ਅਤੇ ਮੂਸਾ ਨੇ ਇਸਨੂੰ ਫੜ ਲਿਆ, ਅਤੇ ਇਹ ਦੁਬਾਰਾ ਆਪਣੀ ਸਥਿਤੀ ਵਿੱਚ ਵਾਪਸ ਆ ਗਈ।ਵੇਖਿਆ? ਉਹ ਜਾਣਦਾ ਸੀ ਕਿ ਉਹ ਪਰਮੇਸ਼ੁਰ ਸੀ, ਕਿਉਂਕਿ ਪਰਮੇਸ਼ੁਰ ਨੇ ਕਿਹਾ, ਪਰਮੇਸ਼ੁਰ ਦਾ ਵਚਨ, ਉਹ ਵਚਨ ਜੋ ਉਹ ਬੋਲ ਰਿਹਾ ਸੀ, ਕਿਹਾ, "ਆਪਣੇ ਹੱਥ ਵਿੱਚਲੀ ਸੋਟੀ ਹੇਠਾਂ ਸੁੱਟ।" ਇਹ ਪਰਮੇਸ਼ੁਰ ਦਾ ਵਚਨ ਹੈ। ਉਹੀ ਕੰਮ ਕਰਨ ਦੀ ਕੋਸ਼ਿਸ਼ ਨਾ ਕਰੋ, ਜੋ ਤੁਹਾਡੇ ਲਈ ਪਰਮੇਸ਼ੁਰ ਦਾ ਵਚਨ ਨਹੀਂ ਹੈ, ਪਰਮੇਸ਼ੁਰ ਦਾ ਇਹ ਵਚਨ ਮੂਸਾ ਲਈ ਸੀ। *ਇਹ* ਤੇਰੇ ਲਈ ਪਰਮੇਸ਼ੁਰ ਵਚਨ ਹੈ! "ਸੋਟੀ ਹੇਠਾਂ ਸੁੱਟ।" ਇਹ ਸੱਪ ਬਣ ਗਈ। ਕਿਹਾ, "ਕੀ ਹੁਣ ਤੂੰ ਇਸ ਤੋਂ ਡਰਦਾ ਹੈਂ? ਇਸ ਨੂੰ ਪੂਛ ਤੋਂ ਚੁੱਕ ਲੈ," ਅਤੇ ਇਹ ਵਾਪਸ ਚਲਾ

ਗਿਆ। ਉਸ ਲਈ ਪਰਮੇਸ਼ੁਰ ਦਾ ਵਚਨ। ਉਸ ਨੇ ਕੀ ਕੀਤਾ? ਪਰਮੇਸ਼ੁਰ ਨੇ ਆਪਣੇ ਵਚਨ ਨੂੰ ਸਹੀ ਸਾਬਤ ਕੀਤਾ।

91 ਕੁਝ ਮਹੀਨੇ ਪਹਿਲਾਂ ਮੈਨੂੰ ਇੱਥੇ ਇੱਕ ਟੈਲੀਫੋਨ ਆਈਆ ਸੀ, ਲਗਭਗ, ਔਹ, ਇੱਕ ਸਾਲ ਪਹਿਲਾਂ, ਇੱਕ ਸਾਲ ਤੋਂ ਉੱਪਰ ਹੋ ਗਿਆ ਹੈ। ਇੱਕ ਔਰਤ ਇੱਕ ਟੈਲੀਫੋਨ ਕਨੈਕਸ਼ਨ ਤੇ, ਇੱਕ ਬੈਪਟਿਸਟ ਪ੍ਰਚਾਰਕ ਅਤੇ ਇੱਕ ਪੈਂਟੇਕੋਸਟਲ ਪ੍ਰਚਾਰਕ ਦੇ ਨਾਲ। ਉਸਨੇ ਕਿਹਾ, "ਭਾਈ ਬ੍ਰਨਹਾਮ, ਪ੍ਰਭੂ ਨੇ ਮੈਨੂੰ ਇੱਕ ਨਬੀਆ ਬਣਾਇਆ ਹੈ।"

ਕਿਹਾ, "ਅੱਛਾ।"

92 ਕਿਹਾ, "ਤੁਸੀਂ ਜਾਣਦੇ ਹੋ, ਮੈਨੂੰ ਦੱਸਿਆ ਗਿਆ ਹੈ ਕਿ ਤੁਸੀਂ ਕਿਹਾ ਸੀ ਕਿ ਤੁਸੀਂ—ਤੁਸੀਂ ਸਾਖੀ ਦਿੱਤੀ ਹੈ ਕਿ ਮੇਰੀ ਸੇਵਕਾਈ ਪਰਮੇਸ਼ੁਰ ਵੱਲੋਂ ਸੀ।"

93 ਹੁਣ, ਮੈਂ ਅਜਿਹਾ ਨਹੀਂ ਕਰ ਸਕਦਾ, ਇਹ ਵਚਨ ਦੇ ਉਲਟ ਹੈ। ਇਸ ਲਈ ਮੈਂ ਕਿਹਾ, "ਔਰਤ, ਇਹ ਗਲਤ ਹੈ। ਮੈਂ ਤੁਹਾਨੂੰ ਜਾਣਦਾ ਵੀ ਨਹੀਂ।"

94 ਅਤੇ ਬੈਪਟਿਸਟ ਪ੍ਰਚਾਰਕ, ਮੈਂ ਉਸਨੂੰ ਸੁਣਿਆ, ਮੈਂ ਪੈਂਟੇਕੋਸਟਲ ਪ੍ਰਚਾਰਕ ਨੂੰ ਸੁਣਿਆ। ਉਸਨੇ ਕਿਹਾ, "ਖੈਰ, ਮੈਂ ਇੱਥੇ ਇੱਕ ਮੀਟਿੰਗ ਕਰ ਰਿਹਾ ਹਾਂ।" ਅਤੇ ਕਿਹਾ, "ਪ੍ਰਭੂ ਮਹਾਨ ਕੰਮ ਕਰ ਰਿਹਾ ਹੈ।"

95 ਮੈਂ ਕਿਹਾ, "ਮੈਂ ਇਸ ਲਈ ਧੰਨਵਾਦੀ ਹਾਂ।" ਉਸਨੇ ਕਿਹਾ...ਮੈਂ ਕਿਹਾ, "ਕੀ ਉਸਨੇ ਤੁਹਾਨੂੰ ਅਜੇ ਤਕ ਕੁਝ ਦੱਸਿਆ ਹੈ?"

ਕਿਹਾ, "ਹਾਂ, ਮੇਰੇ ਹੱਥ ਵਿੱਚ ਇੱਕ ਮਹਾਨ ਪ੍ਰੋਗਰਾਮ ਹੈ।"

96 ਮੈਂ ਕਿਹਾ, "ਸ਼ਾਨਦਾਰ।" ਮੈਂ ਕਿਹਾ, "ਹੁਣ, ਤੁਹਾਡਾ ਕੀ ਪ੍ਰੋਗਰਾਮ ਹੈ?" ਮੈਂ ਕਿਹਾ, "ਪ੍ਰਭੂ ਨੇ ਤੁਹਾਨੂੰ ਕੀ ਦੱਸਿਆ ਹੈ?"

97 "ਉਸਨੇ ਕਿਹਾ, 'ਇੱਕ *ਫਲਾਣੀ-ਫਲਾਣੀ* ਤਰੀਕ ਨੂੰ ਫੀਨਿਕਸ, ਅਰੀਜ਼ੋਨਾ ਜਾਓ, ਅਤੇ ਫਿਰ ਮੈਂ ਤੁਹਾਨੂੰ ਗੁਆਚੀ ਹੋਈ ਡੱਚਮੈਨ ਸੋਨੇ ਦੀ ਖਾਨ ਦੇਣ ਜਾ ਰਿਹਾ ਹਾਂ, ਅਤੇ ਤੁਸੀਂ ਇਹ ਸੋਨਾ ਲੈਣ ਜਾ ਰਹੇ ਹੋ ਜੋ ਉੱਥੇ ਲੱਭੇਗਾ ਅਤੇ ਤੁਸੀਂ ਦੁਨੀਆ ਭਰ ਦੇ ਮਿਸ਼ਨਰੀਆਂ ਨੂੰ ਸਪਾਂਸਰ ਕਰਨ ਜਾ ਰਹੇ ਹੋ।'" ਜਦ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਗੁਆਚੀ ਹੋਈ ਡੱਚਮੈਨ ਖਾਨ ਇੱਕ ਦੰਤਕਥਾ ਹੈ। "ਇਸ ਲਈ ਉਸ ਨੇ ਕਿਹਾ।"

98 ਮੈਂ ਕਿਹਾ, "ਖੈਰ, ਮੈਂ ਤੁਹਾਨੂੰ ਦੱਸਾਂਗਾ ਕਿ ਇਹ ਕਿਵੇਂ ਪਤਾ ਲਗਾਉਣਾ ਹੈ ਕਿ ਇਹ ਪਰਮੇਸ਼ੁਰ ਹੈ ਜਾਂ ਨਹੀਂ।" ਮੈਂ ਕਿਹਾ, "ਤੁਸੀਂ ਉਸ ਦਿਨ ਉੱਥੇ ਜਾਣਾ। ਅਤੇ ਜੇ ਤੁਹਾਨੂੰ ਗੁਆਚੀ ਹੋਈ ਡੱਚਮੈਨ ਖਾਨ ਲੱਭਦੀ ਹੈ, ਤਾਂ ਇਹ ਪਰਮੇਸ਼ੁਰ ਹੈ। ਜੇ ਤੁਹਾਨੂੰ ਗੁਆਚੀ ਹੋਈ ਡੱਚਮੈਨ ਖਾਨ ਨਹੀਂ ਮਿਲਦੀ, ਤਾਂ

ਤੋਬਾ ਕਰੋ ਅਤੇ ਉਸ ਝੂਠੀ ਆਤਮਾ ਨੂੰ ਆਪਣੇ ਤੋਂ ਦੂਰ ਕਰੋ।" ਇਸੇ ਤਰ੍ਹਾਂ ਪਤਾ ਲਗਾਉਣਾ ਹੈ ਕਿ ਇਹ ਪਰਮੇਸ਼ੁਰ ਹੈ ਜਾਂ ਨਹੀਂ।

99 ਪਰਮੇਸ਼ੁਰ ਨੇ ਕਿਹਾ, "ਮੂਸਾ, ਸੋਟੀ ਨੂੰ ਹੇਠਾਂ ਸੁੱਟ, ਅਤੇ ਇਹ ਸੱਪ ਬਣ ਜਾਵੇਗੀ।" ਉਸਨੇ ਇਹ ਕੀਤਾ। ਉਸਨੇ ਕਿਹਾ, "ਇਸਨੂੰ ਚੁੱਕੋ ਅਤੇ ਇਹ ਦੁਬਾਰਾ ਇੱਕ ਸੋਟੀ ਬਣ ਜਾਵੇਗੀ।" ਉਸਨੇ ਇਹ ਕੀਤਾ।

100 ਜਦੋਂ ਪਰਮੇਸ਼ੁਰ ਇਸ ਆਖਰੀ ਦਿਨਾਂ ਵਿੱਚ ਇੱਕ ਸੇਵਕਾਈ ਦਾ ਵਾਅਦਾ ਕਰਦਾ ਹੈ, ਉਹ ਇਸਨੂੰ ਬਿਲਕੁਲ ਉਸੇ ਤਰ੍ਹਾਂ ਸਾਬਤ ਕਰੇਗਾ ਜਿਵੇਂ ਉਸਨੇ ਕਿਹਾ ਸੀ ਕਿ ਉਹ ਇਸ ਨੂੰ ਕਰੇਗਾ। ਫਿਰ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਸਹੀ ਅਵਾਜ਼ ਮਿਲੀ ਹੈ।ਤੁਸੀਂ ਸਹੀ ਗੱਲ ਸੁਣ ਰਹੇ ਹੋ, ਕਿਉਂਕਿ ਇਹ ਵਚਨ ਨੂੰ ਸਾਬਤ ਕੀਤਾ ਜਾ ਰਿਹਾ ਹੈ। ਸਮਝੇ? ਓਹ, ਕਿਵੇਂ…ਮੈਂ ਮਾਫ਼ੀ ਚਾਹੁੰਦਾ ਹਾਂ, ਮੈਂ…ਠੀਕ ਹੈ।

101 ਮੂਸਾ ਨੇ ਵੱਖਰਾ ਕੰਮ ਕੀਤਾ। ਦੇਖੋ ਕਿ ਮੂਸਾ ਨੇ ਇੱਕ—ਇੱਕ ਕਿੰਨਾ ਅਜੀਬ ਕੰਮ ਕੀਤਾ ਹੈ। ਹੁਣ, ਹਮੇਸ਼ਾਂ ਜਦੋਂ ਤੁਸੀਂ ਪਰਮੇਸ਼ੁਰ ਦੀ ਅਵਾਜ਼ ਦੇ ਪਿੱਛੇ ਜਾਂਦੇ ਹੋ, ਤੁਸੀਂ ਪਾਗਲ ਹੋ, ਦੁਨੀਆ ਲਈ। ਅਗਲੇ ਦਿਨ, ਮੂਸਾ ਮਿਲਦਾ ਹੈ, ਉਸਦੀ ਪਤਨੀ ਨਾਲ ਜੋ ਖੱਚਰ ਉੱਤੇ ਬੈਠੀ ਹੋਈ ਸੀ, ਅਤੇ ਇੱਕ ਜੁਆਕ ਉਸਦੀ ਕਮਰ ਤੇ, ਜਾਂ ਇਹ ਦੱਖਣੀ ਹੈ, "ਬੱਚਾ" ਉਸਦੀ ਕਮਰ ਤੇ, ਅਤੇ ਉਹ ਉੱਥੇ ਸਨ। ਇਹ ਬੁੱਢਾ ਆਦਮੀ ਜਿਸ ਦੀ ਦਾੜ੍ਹੀ *ਇਸ* ਤਰ੍ਹਾਂ ਲਮਕੀ ਹੋਈ ਹੈ, ਅਤੇ ਉਸਦਾ ਗੰਜਾ ਸਿਰ ਚਮਕ ਰਿਹਾ ਹੈ, ਉਸਦੇ ਹੱਥ ਵਿੱਚ ਇੱਕ ਸੋਟੀ ਹੈ, ਇੱਕ ਛੋਟੇ ਗਧੇ ਦੀ ਅਗਵਾਈ ਕਰਦੇ ਹੋਏ, ਸਿੱਧਾ ਮਿਸਰ ਵੱਲ ਜਾ ਰਿਹਾ ਹੈ ਜਿੰਨੀ ਛੇਤੀ ਹੋ ਜਾ ਸਕਦਾ ਸੀ। ਕਿਸੇ ਨੇ ਕਿਹਾ, "ਮੂਸਾ, ਤੁਸੀਂ ਕਿੱਥੇ ਜਾ ਰਹੇ ਹੋ?"

102 "ਮਿਸਰ ਨੂੰ ਜਾ ਰਿਹਾ ਹਾਂ, ਉਸ ਉੱਤੇ ਅਧਿਕਾਰ ਲੈਣ ਲਈ।" ਜਿੱਥੇ ਉਹ ਇੱਕ ਨੌਜਵਾਨ ਦੇ ਤੌਰ ਤੇ ਅਸਫਲ ਹੋ ਗਿਆ ਸੀ, ਉਹ ਇੱਕ ਫੌਜੀ ਆਦਮੀ ਦੇ ਰੂਪ ਵਿੱਚ ਅਸਫਲ ਹੋ ਗਿਆ ਸੀ, ਪਰ ਇੱਥੇ ਉਹ ਅਧਿਕਾਰ ਲੈਣ ਲਈ ਲਈ ਜਾ ਰਿਹਾ ਸੀ। ਅਤੇ ਉਸਨੇ ਇਹ ਕੀਤਾ। ਕਿਉਂ? ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ ਅਤੇ ਇਸਨੂੰ ਆਪਣੇ ਦਿਨ ਲਈ ਸਹੀ ਸਾਬਤ ਹੁੰਦੇ ਹੋਏ ਵੇਖਿਆ; ਉਨ੍ਹਾਂ ਚੀਜ਼ਾਂ ਲਈ ਜੋ ਉਸਦੇ ਦਿਨਾਂ ਵਿੱਚ ਹੋਣੀਆਂ ਸਨ, ਉਸਨੇ ਇਸਨੂੰ ਵੇਖਿਆ।

103 ਪੌਲੁਸ, ਆਪਣੇ-ਆਪ ਵਿੱਚ ਇੱਕ ਫਰੀਸੀ, ਜਿੰਨਾ ਉਹ ਹੋ ਸਕਦਾ ਸੀ ਧਰਮ ਸ਼ਾਸਤਰ ਨਾਲ ਭਰਿਆ ਹੋਇਆ, ਪਰ ਇੱਕ ਦਿਨ ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ। ਉਸਨੇ ਅੱਗ ਦਾ ਇੱਕ ਥੰਮ੍ਹ ਵੇਖਿਆ, ਅਤੇ ਉਸਨੂੰ ਪਤਾ ਸੀ ਕਿ

ਇੱਥੇ ਕੁਝ ਵੱਖਰਾ ਸੀ। ਇਸ ਨੇ ਉਸਦੀ ਜ਼ਿੰਦਗੀ ਬਦਲ ਦਿੱਤੀ। ਕੋਈ ਫਰਕ ਨਹੀਂ ਪੈਂਦਾ ਕਿ ਕਿੰਨੇ ਫ਼ਰੀਸੀ, ਕਿੰਨੇ ਗਮਲੀਏਲ ਜਾਂ ਕੋਈ ਹੋਰ ਚੀਜ਼ ਪੌਲੁਸ ਅੱਗੇ ਦੁਹਾਈ ਦੇਂਦੀ, "ਤੂੰ ਗਲਤ ਹੈਂ, ਤੂੰ ਗਲਤ ਹੈਂ," ਪੌਲੁਸ ਨੇ ਪਰਮੇਸ਼ੁਰ ਦੀ ਆਵਾਜ਼ ਸੁਣੀ ਸੀ, ਉਸਨੂੰ ਪਤਾ ਸੀ ਕਿ ਇਹ ਸੱਚਾਈ ਸੀ।

104 ਪਤਰਸ, ਧਾਰਮਿਕ ਹੋਣ ਦੇ ਨਾਤੇ, ਬਜ਼ੁਰਗਾਂ ਦੀਆਂ ਰਵਾਇਤਾਂ ਨੂੰ ਮੰਨਦੇ ਹੋਏ, ਉਹ ਕੋਈ ਮਾਸ ਨਹੀਂ ਖਾਂਦਾ ਸੀ। ਨਹੀਂ, ਸ਼੍ਰੀ ਮਾਨ। ਉਸ ਨੂੰ ਇਸ ਨਾਲ ਬਿਲਕੁਲ ਵੀ ਕੋਈ ਲੈਣਾ ਦੇਣਾ ਨਹੀਂ ਸੀ। ਉਹ ਸੱਚਮੁੱਚ ਬਜ਼ੁਰਗਾਂ ਦੀਆਂ ਰਵਾਇਤਾਂ ਨੂੰ ਮੰਨ ਰਿਹਾ ਸੀ, ਬਿਲਕੁਲ ਵਚਨ ਦੇ ਅਨੁਸਾਰ। ਕੀ ਹੋਇਆ? ਇੱਕ ਦਿਨ ਉਸਨੇ ਪਰਮੇਸ਼ੁਰ ਦੀ ਅਵਾਜ਼ ਸੁਣੀ, "ਇਸਨੂੰ ਆਮ ਅਤੇ ਅਸ਼ੁੱਧ ਨਾ ਕਹੋ, ਜੱਦ ਮੈਂ ਸਾਫ ਕੀਤਾ ਹੈ।" ਉਹ ਇੱਕ ਬਦਲਿਆ ਹੋਇਆ ਆਦਮੀ ਸੀ। ਉਹ ਕਿਤੇ ਵੀ ਜਾਣ ਲਈ ਤਿਆਰ ਸੀ ਜਿੱਥੇ ਵੀ ਪ੍ਰਭੂ ਉਸਨੂੰ ਭੇਜਦਾ ਸੀ।

105 ਬੰਦ ਕਰਦਿਆਂ, ਮੈਂ ਇਹ ਕਹਿ ਸਕਦਾ ਹਾਂ। ਇੱਕ ਵਾਰ ਇੱਕ ਆਦਮੀ ਸੀ ਜੋ ਇੱਕ ਵਿਸ਼ਵਾਸੀ ਸੀ। ਉਹ ਚਾਰ ਦਿਨ ਪਹਿਲਾਂ ਮਰ ਚੁੱਕਾ ਸੀ। ਉਹ ਕਬਰ ਵਿੱਚ ਸੀ, ਬਦਬੂ ਮਾਰ ਰਿਹਾ ਸੀ, ਸੜ ਰਿਹਾ ਸੀ, ਪਰ ਉਸਨੇ ਪਰਮੇਸ਼ੁਰ ਦੀ ਆਵਾਜ਼ ਸੁਣੀ, "ਲਾਜ਼ਰ, ਬਾਹਰ ਆ!" ਅਤੇ ਜੇ ਇਹ ਇੱਕ ਆਦਮੀ ਨੂੰ ਮੁਰਦਾ ਅਤੇ ਗਲਿਆ ਸੜਿਆ ਹੋਣ ਦੇ ਬਾਅਦ ਬਾਹਰ ਲਿਆਇਆ, ਤਾਂ ਇੱਕ ਕਲੀਸਿਯਾ ਨਾਲ ਕੀ ਕਰੇਗਾ ਜਿਸ ਵਿੱਚ ਅਜੇ ਵੀ ਜੀਵਨ ਹੈ? ਇਸ ਨੂੰ ਉਨ੍ਹਾਂ ਨੂੰ ਜੀ ਉਠਾਉਣਾ ਚਾਹੀਦਾ ਹੈ, ਉਨ੍ਹਾਂ ਸਾਰੀਆਂ ਆਵਾਜ਼ਾਂ ਦੀ ਗੜਬੜ ਵਿੱਚ ਜਿਨ੍ਹਾਂ ਬਾਰੇ ਅਸੀਂ ਗੱਲ ਕੀਤੀ ਹੈ, ਧਾਰਮਿਕ, ਰਾਜਨੀਤੀਕ, ਹਾਲੀਵੁਡ, ਸਾਰੀਆਂ ਝੂਠੀਆਂ ਭਵਿੱਖਬਾਣੀਆਂ ਅਤੇ ਚੀਜ਼ਾਂ ਜੋ ਬਾਹਰ ਹਨ। ਇਸ ਸਭ ਦੇ ਵਿੱਚਕਾਰ, ਪਰਮੇਸ਼ੁਰ ਦੀ ਸੱਚੀ ਅਵਾਜ਼ ਇੱਕ ਆਦਮੀ ਨੂੰ ਬੁਲਾਵੇਗੀ, ਜਿਹੜਾ ਪਾਪ ਅਤੇ ਗੁਨਾਹ ਵਿੱਚ ਮਰਿਆ ਹੋਇਆ ਹੈ, ਦੁਬਾਰਾ ਜੀਵਨ ਵਿੱਚ। ਇਸ ਨੂੰ ਇਕ ਪਿਛਾਂਹ ਡਿੱਗੀ ਹੋਈ ਕਲੀਸੀਆ ਨੂੰ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਜੀਵਨ ਵਿੱਚ ਬੁਲਾਉਣਾ ਚਾਹੀਦਾ ਹੈ। ਯਕੀਨਨ!

106 ਯਾਦ ਰੱਖੋ, ਬੰਦ ਕਰਦਿਆਂ, ਮੈਂ ਇਹ ਕਹਿੰਦਾ ਹਾਂ, ਅਤੇ ਫਿਰ ਮੈਂ ਬੰਦ ਕਰਾਂਗਾ। ਯਿਸੂ ਨੇ ਕਿਹਾ, "ਉਹ ਸਮਾਂ ਆਵੇਗਾ, ਜਦੋਂ ਉਹ ਸਭ ਜੋ ਕਬਰ ਵਿੱਚ ਹਨ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣਨਗੇ।" ਅਤੇ ਤੁਸੀਂ ਇਹ ਸੁਣਨ ਜਾ ਰਹੇ ਹੋ। ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਸ ਸਥਿਤੀ ਵਿੱਚ ਹੋ, ਤੁਸੀਂ ਇਸ ਨੂੰ ਕਿਸੇ ਵੀ ਤਰ੍ਹਾਂ ਸੁਣਨ ਜਾ ਰਹੇ ਹੋ। ਅਤੇ ਉਨ੍ਹਾਂ ਵਿੱਚੋਂ ਕੁਝ ਜਿਹੜੇ ਕਬਰ ਤੋਂ ਬਾਹਰ ਆਉਣਗੇ, ਦੋਸ਼ੀ ਠਹਿਰਾਏ ਜਾਣਗੇ। ਉਹ ਆਵਾਜ਼ ਸੁਣਨਗੇ, ਪਰ ਇਹ ਦੋਸ਼ੀ ਠਹਿਰਾਉਣ ਵਾਲੀ ਹੋਵੇਗੀ। ਅਤੇ ਜੇ ਤੁਸੀਂ ਅੱਜ ਇਹ ਸੁਣਦੇ

ਹੋ, "ਅੱਜ, ਬਹੁਤ ਲੰਮੇਂ ਸਮੇਂ ਬਾਅਦ, ਜਦੋਂ ਤੁਸੀਂ ਮੇਰੀ ਆਵਾਜ਼ ਸੁਣੋ, ਆਪਣੇ ਦਿਲਾਂ ਨੂੰ ਕਠੋਰ ਨਾ ਕਰੋ, ਜਿਵੇਂ ਤੁਸੀਂ ਬਗਾਵਤ ਦੇ ਦਿਨਾਂ ਵਿੱਚ ਕੀਤਾ ਸੀ।" ਅਤੇ ਜੇ ਤੁਸੀਂ, ਪੰਤੇਕੁਸਤ ਲੋਕ ਆਪਣੇ ਆਪ ਨੂੰ ਫਿਰ ਤੋਂ ਪੰਥਾਂ ਵਿੱਚ ਇਕੱਠਾ ਕਰ ਰਹੇ ਹੋ, ਦੁਨੀਆਦਾਰੀ ਵਿੱਚ, "ਭਗਤੀ ਦਾ ਰੂਪ ਧਾਰਨਾ ਅਤੇ ਇਸਦੀ ਸ਼ਕਤੀ ਦਾ ਇਨਕਾਰ ਕਰਨਾ," ਇਸ ਤੋਂ ਪਹਿਲਾਂ ਕਿ ਤੁਸੀਂ ਪੁਨਰਉਥਾਨ ਵਿੱਚ ਜਾਗੋ ਤੁਸੀਂ ਦੋਸ਼ੀ ਠਹਿਰ ਚੁੱਕੇ ਹੋ, ਕਿਉਂਕਿ ਪਰਮੇਸ਼ੁਰ ਦੀ ਅਵਾਜ਼ ਜਿਹੜੀ ਤੁਹਾਡੇ ਨਾਲ ਹੁਣ ਵਚਨ ਰਾਹੀਂ ਬੋਲਦੀ ਹੈ ਉਸ ਦਿਨ ਤੁਹਾਨੂੰ ਦੋਸ਼ੀ ਠਹਿਰਾਵੇਗੀ।

107 ਜੇ ਤੁਸੀਂ ਸਿਰਫ ਇਕ ਸ਼ੀਲ ਗਰਮ ਵਿਸ਼ਵਾਸੀ ਹੋ, ਤਾਂ ਅੱਜ ਸਵੇਰ ਪਰਮੇਸ਼ੁਰ ਦੀ ਆਵਾਜ਼ ਤੁਹਾਡੇ ਦਿਲ ਵਿਚ ਪੁਕਾਰਦੀ ਹੈ, "ਤੁਸੀਂ ਇਕ ਸ਼ੀਲ ਗਰਮ ਵਿਸ਼ਵਾਸੀ ਹੋ," ਚੰਗਾ ਹੋਵੇਗਾ ਤੁਸੀਂ ਪਛਤਾਵਾ ਕਰੋ!

108 ਤੁਸੀਂ ਆਦਮੀ, ਔਰਤਾਂ, ਲੜਕੇ ਜਾਂ ਲੜਕੀਆਂ, ਜੋ ਮਸੀਹ ਲਈ ਨਹੀਂ ਜੀ ਰਹੇ, ਅਤੇ ਪਰਮੇਸ਼ੁਰ ਦੀ ਅਵਾਜ਼ ਤੁਹਾਡੇ ਨਾਲ ਉਸਦੇ ਵਚਨ ਰਾਹੀਂ ਗੱਲ ਕਰਦੀ ਹੈ ਅਤੇ ਕਹਿੰਦੀ ਹੈ "ਇਹ ਕਰਨਾ ਬੰਦ ਕਰੋ," ਚੰਗਾ ਹੋਵੇਗਾ ਤੁਸੀਂ ਇਹ ਕਰੋ। ਕਿਉਂਕਿ ਇੱਕ ਦਿਨ ਤੁਸੀਂ ਦੁਬਾਰਾ ਇਸ ਨੂੰ ਸੁਣਨ ਜਾ ਰਹੇ ਹੋ, ਅਤੇ ਇਹ ਤੁਹਾਨੂੰ ਦੋਸ਼ੀ ਠਹਿਰਾਵੇਗੀ। ਤੁਸੀਂ ਇਸ ਦਾ ਇਨਕਾਰ ਨਹੀਂ ਕਰ ਸਕਦੇ, ਇਹ ਹੁਣ ਤੁਹਾਡੇ ਨਾਲ ਗੱਲ ਕਰ ਰਹੀ ਹੈ। ਅਤੇ, ਯਾਦ ਰੱਖੋ, ਇਹ ਰਿਕਾਰਡ ਕੀਤਾ ਗਿਆ ਹੈ।

109 ਅਤੇ ਉਹ ਜਿਹੜੇ ਸਹੀ ਕੰਮ ਕਰਦੇ ਹਨ ਅਤੇ ਉਸਦੀ ਅਵਾਜ਼ ਨੂੰ ਸੁਣਦੇ ਹਨ, ਧਾਰਮਿਕਤਾ ਵਿੱਚ ਉੱਚੇ ਹੋਣਗੇ, ਮਹਿਮਾ ਲਈ, ਸਵਰਗ ਲਈ।

110 ਸੋ ਤੁਸੀਂ ਕੁਝ ਸਮੇਂ ਲਈ ਪਰਮੇਸ਼ੁਰ ਦੀ ਆਵਾਜ਼ ਸੁਣਨ ਜਾ ਰਹੇ ਹੋ। ਸ਼ਾਇਦ ਇਸ ਸਵੇਰ ਨਿੰਮ੍ਹੀ ਸੁਰ ਨਾਲ ਇਹ ਤੁਹਾਡੇ ਦਿਲ ਵਿਚ ਬੋਲਦੀ ਹੈ, ਕਿ ਤੁਹਾਨੂੰ ਉਸ ਰਾਹ ਤੋਂ ਮੁੜਨਾ ਚਾਹੀਦਾ ਹੈ ਜਿਸ ਰਾਹ ਤੇ ਤੁਸੀਂ ਜਾ ਰਹੇ ਹੋ, ਪਰਮੇਸ਼ੁਰ ਵੱਲ ਵਾਪਸ ਮੁੜੋ। ਹੁਣ, ਯਾਦ ਰੱਖੋ, ਉਹ ਅਵਾਜ਼ ਨੂੰ ਰਿਕਾਰਡ ਕਰਨਗੇ ਜੋ ਤੁਹਾਡੇ ਦਿਲ ਨਾਲ ਗੱਲ ਕਰ ਰਹੀ ਹੈ, ਸਵਰਗ ਵਿੱਚ। ਅਤੇ ਕਿਸੇ ਦਿਨ ਜਦੋਂ ਯਿਸੂ ਬੁਲਾਵੇਗਾ, ਅਤੇ ਉਹ ਸਭ ਜੋ ਕਬਰ ਵਿੱਚ ਹਨ, ਸਭ, ਸਹੀ ਅਤੇ ਗ਼ਲਤ, ਜੀ ਉਠਣਗੇ। ਅਤੇ ਫਿਰ ਇਹੀ ਆਵਾਜ਼ ਤੁਹਾਡੇ ਨਾਲ ਦੁਬਾਰਾ ਗੱਲ ਕਰੇਗੀ, "ਫੀਨਿਕਸ, ਐਰੀਜ਼ੋਨਾ ਵਿੱਚ, ਐਤਵਾਰ ਦੀ ਇੱਕ *ਖਾਸ* ਸਵੇਰ ਨੂੰ, ਜਦੋਂ ਸੇਵਕ ਨੇ ਤੁਹਾਨੂੰ ਇੰਨਾ ਚਿਰ ਰੋਕਿਆ, ਆਵਾਜ਼ ਬਾਰੇ ਬੋਲਦਿਆਂ, ਮੈਂ ਤੁਹਾਡੇ ਨਾਲ ਗੱਲ ਕੀਤੀ; ਤੁਹਾਨੂੰ ਔਰਤਾਂ ਨੂੰ ਕਿਹਾ ਕਿ ਤੁਸੀਂ ਆਪਣੇ ਵਾਲਾਂ ਨੂੰ ਵੱਧਣ ਦਿਓ, ਬਦਚਲਣ ਤਰੀਕੇ ਨਾਲ ਕੱਪੜੇ ਪਾਉਣੇ ਛੱਡ ਦਿਓ; ਤੁਹਾਨੂੰ

ਆਦਮੀਆਂ ਨੂੰ ਝੂਠ, ਤਮਾਕੂਨੋਸ਼ੀ ਛੱਡਣ ਲਈ ਕਿਹਾ; ਤੁਹਾਨੂੰ ਪ੍ਰਚਾਰਕਾਂ ਨੂੰ ਕਿਹਾ ਕਿ ਤੁਸੀਂ ਪਰਮੇਸ਼ੁਰ ਦੇ ਵਚਨ ਵੱਲ ਮੁੜੋ।" ਸਮਝੇ ਮੇਰਾ ਮਤਲਬ ਕੀ ਹੈ? ਇਹ ਠੀਕ ਹੈ।

ਉਹ ਅਵਾਜ਼ ਅਜੇ ਵੀ ਕਹਿੰਦੀ ਹੈ, "ਇਹ ਸਹੀ ਹੋ ਸਕਦਾ ਹੈ।"

111 ਜੇ ਮੈਨੂੰ ਨਿਕੁਦੇਮੁਸ ਵਾਂਗ ਆਉਣਾ ਪਵੇ, ਮੈਂ ਫਿਰ ਵੀ ਉਥੇ ਜਾਣ ਦੀ ਕੋਸ਼ਿਸ਼ ਕਰਾਂਗਾ। ਮੈਂ ਉਸ ਕੋਲ ਆਵਾਂਗਾ, ਅਤੇ ਇਥੇ ਉਜਾੜ ਵਿਚ ਕਿਤੇ ਬਾਹਰ ਜਾਵਾਂਗਾ, ਅਤੇ ਕਹਾਂਗਾ, "ਪ੍ਰਭੂ ਪਰਮੇਸ਼ੁਰ, ਮੈਂ ਇੱਥੇ ਹਾਂ, ਮੈਨੂੰ ਹੁਣ ਬਦਲ ਦਿਓ। ਮੈਨੂੰ ਆਪਣੇ ਸਰੂਪ ਵਿੱਚ ਢਾਲ ਦਿਓ।" ਵਚਨ ਵੱਲ ਵਾਪਸ ਆਓ। ਕਿਸੇ ਥਾਂ ਤੇ ਜਿੱਥੇ ਵੀ ਤੁਸੀਂ ਦੇਖੋ ਕਿ ਤੁਸੀਂ ਵਚਨ ਨੂੰ ਛੱਡ ਰਹੇ ਹੋ, ਉਸੇ ਵੇਲੇ ਉਸ ਵੱਲ ਵਾਪਸ ਆ ਜਾਓ, ਕਿਉਂਕਿ ਇਕ ਜੰਜੀਰ ਇਸ ਦੀ ਕਮਜ਼ੋਰ ਕੜੀ ਤੇ ਸਭ ਤੋਂ ਵੱਧ ਮਜ਼ਬੂਤ ਹੁੰਦੀ। ਅਤੇ ਤੁਹਾਡੀ ਜਿੰਦਗੀ ਵਿੱਚ ਜਿੱਥੇ ਵੀ ਤੁਸੀਂ ਪਰਮੇਸ਼ੁਰ ਦੀ ਆਗਿਆ ਨੂੰ ਛੱਡ ਦਿੱਤਾ ਹੈ, ਕਿਸੇ ਰਵਾਇਤ ਦੀ ਸੇਵਾ ਕਰਨ ਲਈ, ਇਹ ਉਹੀ ਥਾਂ ਹੈ ਜਿੱਥੇ ਤੁਹਾਡੀ ਜੰਜੀਰ ਟੁੱਟ ਜਾਵੇਗੀ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਹੋਰ ਚੀਜ਼ਾਂ ਤੇ ਕਿੰਨੇ ਪੱਕੇ ਹੋ। ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ।

112 ਆਓ ਪ੍ਰਾਰਥਨਾ ਕਰੀਏ। ਅੱਜ, ਬਹੁਤ ਲੰਬੇ ਸਮੇਂ ਬਾਅਦ, ਹੇ ਪ੍ਰਭੂ, ਤੁਸੀਂ ਕਿਹਾ ਕਿ ਤੁਸੀਂ ਬੋਲੋਗੇ, ਤੁਸੀਂ ਆਪਣੇ ਨਿਯਮਾਂ ਨੂੰ ਦਿਲਾਂ ਦੀਆਂ ਫਟੀਆਂ ਤੇ ਲਿਖੋਗੇ। ਮੈਨੂੰ ਨਹੀਂ ਪਤਾ ਕਿ ਮੇਰੇ ਸਾਹਮਣੇ ਕੀ ਹੈ। ਸਿਰਫ ਇਕ ਚੀਜ ਜੋ ਮੈਂ ਕਰਨਾ ਜਾਣਦਾ ਹਾਂ ਉਹ ਹੈ ਤੁਹਾਡਾ ਵਚਨ ਲੈਣਾ ਅਤੇ ਇਸ ਨੂੰ ਫੈਲਾਣਾ, ਯਕੀਨਨ ਇਹ ਕਿਤੇ ਕੁਝ ਚਟਾਨਾਂ ਦੇ ਹੇਠਾਂ ਜਾ ਟਿਕੇਗਾ। ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਤੁਸੀਂ ਹਰ ਨੌਜਵਾਨ ਨਾਲ, ਹਰ ਮੱਧਮ ਉਮਰ, ਬਜੁਰਗ ਵਿਅਕਤੀ ਨਾਲ, ਜੋ ਵੀ ਹੋਵੇ ਗੱਲ ਕਰੋ। ਮੇਰੇ ਦਿਲ ਨਾਲ ਗੱਲ ਕਰੋ, ਹੇ ਪ੍ਰਭੂ। ਇਨ੍ਹਾਂ ਸੇਵਕਾਂ ਦੇ ਦਿਲਾਂ ਨਾਲ ਗੱਲ ਕਰੋ। ਸੰਗਤ ਦੇ ਦਿਲ ਨਾਲ ਗੱਲ ਕਰੋ।

113 ਅਸੀਂ ਪ੍ਰਾਰਥਨਾ ਕਰਦੇ ਹਾਂ, ਪਿਤਾ, ਕਿ ਅੱਜ ਅਸੀਂ ਤੁਹਾਡੀ ਅਵਾਜ਼ ਸੁਣੀਏ। ਅਤੇ ਅਸੀਂ ਜਾਣਦੇ ਹਾਂ, ਜਿਵੇਂ ਕਿ ਸਮੂਏਲ ਦੇ ਦਿਨਾਂ ਵਿਚ ਸੀ, ਇਕ ਖੁੱਲਾ ਦਰਸ਼ਨ ਇਕ ਦੁਰਲੱਭ ਚੀਜ਼ ਹੈ, ਅਤੇ ਇਸ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਅੱਜ ਵੀ ਇਸ ਤਰ੍ਹਾਂ ਹੈ। ਸਾਡੇ ਕੋਲ ਸੁਪਨੇ ਅਤੇ ਸੁਪਨੇ ਲੈਣ ਵਾਲੇ ਹਨ, ਸਾਡੇ ਕੋਲ ਬੁਲਾਰੇ ਅਤੇ ਤਰਜਮਾ ਕਰਨ ਵਾਲੇ ਹਨ, ਪਰ ਯਹੋਵਾਹ ਦੇ ਵਚਨ ਨਾਲ ਆਉਂਦਾ ਹੋਇਆ ਇੱਕ ਖੁੱਲਾ ਦਰਸ਼ਨ, ਅਤੇ ਸਹੀ ਕੀਤਾ ਗਿਆ… ਅਸੀਂ ਪ੍ਰਾਰਥਨਾ ਕਰਦੇ ਹਾਂ, ਸਵਰਗੀ ਪਿਤਾ, ਉਹ ਅਵਾਜ਼ ਜਿਹੜੀ ਉਜਾੜ ਵਿੱਚ ਪੁਕਾਰ ਰਹੀ ਸੀ, "ਪ੍ਰਭੂ ਦੇ ਲਈ ਮਾਰਗ ਨੂੰ ਤਿਆਰ ਕਰੋ," ਅਸੀਂ

ਵਿਸ਼ਵਾਸ਼ ਕਰਦੇ ਹਾਂ ਕਿ ਪਵਿੱਤਰ ਆਤਮਾ ਅੱਜ ਦੁਬਾਰਾ ਇਹ ਆਵਾਜ਼ ਦੇ ਰਿਹਾ ਹੈ, "ਪ੍ਰਭੂ ਦੇ ਆਉਣ ਦੀ ਤਿਆਰੀ ਕਰੋ!" ਅਤੇ ਇਹ ਕਿੰਨਾ ਅਜੀਬ ਹੈ, ਕਿਉਂਕਿ ਇਸ ਨੂੰ ਸੁੰਨ ਕਰਨ ਅਤੇ ਇਸਦਾ ਮੁਕਾਬਲਾ ਕਰਨ ਲਈ ਹੋਰ ਬਹੁਤ ਸਾਰੀਆਂ ਹੋਰ ਅਵਾਜ਼ਾਂ ਹਨ, ਪ੍ਰੰਤੂ ਇਹ ਉਨ੍ਹਾਂ ਦੇ ਕੰਨਾਂ ਲਈ ਸੁਹਾਵਣੀ ਹੈ ਜੋ ਇਸਨੂੰ ਸੁਣਦੇ ਹਨ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪਵਿੱਤਰ ਆਤਮਾ ਹੁਣ ਸਾਡੇ ਸਾਰਿਆਂ ਦੇ ਦਿਲਾਂ ਵਿੱਚ ਕੰਮ ਕਰੇ।

114 ਅਤੇ ਜਦੋਂ ਅਸੀਂ ਆਪਣਾ ਸਿਰ ਝੁਕਾਉਂਦੇ ਹਾਂ, ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਸਾਡੇ ਦਿਲ ਝੁਕੇ ਹੋਏ ਹਨ: ਜੇ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੀ ਜ਼ਿੰਦਗੀ ਵਿਚ ਕਿਤੇ ਅਣਆਗਿਆਕਾਰੀ ਕੀਤੀ ਹੈ, ਕੁਝ ਲਿਖਤਾਂ ਨੂੰ ਜਾਣਦੇ ਹੋ, ਕਿ ਤੁਸੀਂ ਜਾਣਦੇ ਹੋ ਕਿ ਇਹ ਬਾਈਬਲ ਦੀ ਸਿੱਖਿਆ ਜਿਸ ਨਾਲ ਤੁਸੀਂ ਸਹਿਯੋਗ ਨਹੀਂ ਕੀਤਾ, ਕਿਉਂਕਿ ਕਿਸੇ, ਹਾਲੀਵੁੱਡ ਦੀ ਆਵਾਜ਼ ਨੇ ਤੁਹਾਥੋਂ ਕੁਝ ਵੱਖਰਾ ਕਰਵਾਇਆ। ਕਿਸੇ ਥਾਂ ਤੇ ਤੁਸੀਂ ਸੇਵਕਾਂ ਨੇ ਬਾਈਬਲ ਵਿੱਚ ਇੱਕ ਥਾਂ ਵੇਖਿਆ, ਜੋ ਅਸਲ ਵਿਚ ਸੱਚਾਈ ਹੈ, ਪਰ ਤੁਸੀਂ ਜਾਣਦੇ ਹੋ ਕਿ ਜੇ ਤੁਸੀਂ ਇਸ ਨੂੰ ਸਿਖਾਇਆ ਤਾਂ ਤੁਹਾਡੀ ਸੰਸਥਾ ਤੁਹਾਨੂੰ ਬਾਹਰ ਕੱਢ ਦੇਵੇਗੀ, ਅਤੇ ਤੁਸੀਂ ਜਾਣਦੇ ਹੋ ਇਹ ਬਿਲਕੁਲ ਸੱਚ ਹੈ। ਤੁਸੀਂ ਲੋਕ ਜੋ ਗਲਤ ਚੀਜ਼ ਲੈਂਦੇ ਹੋ, ਗ਼ਲਤ ਜ਼ਿੰਦਗੀ ਜਿਉਂਦੇ ਹੋ। ਤੁਸੀਂ ਪਿਤਾ ਅਤੇ ਮਾਂਵਾਂ ਜੋ ਆਪਣੇ ਬੱਚਿਆਂ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕਰ ਰਹੇ, ਉਨ੍ਹਾਂ ਨੂੰ ਪਾਲਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਤੁਸੀਂ ਆਪਣੀ ਪੂਰੀ ਕੋਸ਼ਿਸ਼ ਕਰ ਸਕਦੇ ਹੋ, ਅਤੇ ਉਹ ਕਿਸੇ ਵੀ ਤਰਾਂ ਦੁਨਿਆ ਵਿੱਚ ਜਾ ਰਹੇ ਹਨ, ਪਰ ਤੁਸੀਂ ਉਨ੍ਹਾਂ ਦੇ ਸਾਹਮਣੇ ਉਦਾਹਰਣ ਰੱਖ ਰਹੇ ਹੋ। ਅਤੇ ਜੇ ਤੁਸੀਂ ਇਹ ਨਹੀਂ ਕਰ ਰਹੇ, ਪਰਮੇਸ਼ੁਰ ਦੀ ਆਵਾਜ਼ ਤੁਹਾਡੇ ਨਾਲ ਗੱਲ ਕਰ ਰਹੀ ਹੈ, "ਇਹ ਨਾ ਕਰੋ।"

115 ਅਤੇ ਹੁਣ ਹਰ ਇਕ ਸਿਰ ਝੁਕਿਆ ਹੈ ਅਤੇ ਸਾਰੀਆਂ ਅੱਖਾਂ ਬੰਦ ਹਨ, ਅਤੇ ਇਹ ਹੋਵੇ ਕਿ ਸਵਰਗ ਦਾ ਪਰਮੇਸ਼ੁਰ ਉਨ੍ਹਾਂ ਵਿਅਕਤੀਆਂ ਦੇ ਦਿਲਾਂ ਵਿੱਚ ਵੇਖੇ ਜੋ ਭੁੱਖੇ ਹਨ ਅਤੇ ਉਹ ਜਗ੍ਹਾ ਲੱਭੇ ਜਿਥੇ ਉਹ ਗਲਤ ਹਨ। ਅਤੇ ਇੱਕ ਹੱਥ ਪਰਮੇਸ਼ੁਰ ਵੱਲ ਕਰਕੇ, ਕਹਿ ਰਹੇ ਹਨ, "ਹੇ ਪ੍ਰਭੂ, ਮੈਂ ਸੱਚਮੁੱਚ ਇੱਛਾ ਰੱਖਦਾ ਹਾਂ ਕਿ ਤੁਹਾਡੀ ਅਵਾਜ਼ ਸਾਰੇ ਅਵਿਸ਼ਵਾਸ ਨੂੰ ਬਾਹਰ ਕਰ ਦਵੇ, ਅਤੇ ਉਹ ਸਭ ਚੀਜ਼ਾਂ ਜੋ ਤੁਹਾਨੂੰ ਪਸੰਦ ਨਹੀਂ ਹਨ, ਅਤੇ ਮੈਨੂੰ ਉਹ ਬਣਾਵੇ ਜੋ ਤੁਸੀਂ ਮੈਨੂੰ ਬਣਾਉਣਾ ਚਾਹੁੰਦੇ ਸੀ।" ਕੀ ਤੁਸੀਂ ਆਪਣੇ ਹੱਥ ਉਠਾਓਗੇ, ਜਦੋਂ ਤੁਸੀਂ…? ਪ੍ਰਭੂ ਬਰਕਤ ਦਵੇ। ਪਰਮੇਸ਼ੁਰ ਬਰਕਤ ਦਵੇ।

116 ਫਿਰ ਬਾਈਬਲ ਨੇ ਕਿਹਾ, ਯਿਸੂ ਨੇ ਕਿਹਾ, ਅਤੇ ਇਹਨਾਂ ਸਾਰੀਆਂ ਅਵਾਜ਼ਾਂ ਦੇ ਬਾਵਜੂਦ, "ਫਿਰ ਵੀ ਜੇ ਕੋਈ ਆਦਮੀ ਮੇਰੀ ਅਵਾਜ਼ ਸੁਣੇਗਾ।"

ਉਸਦੇ ਮਗਰ ਆਓ, ਤੁਸੀਂ ਆਪਣੀ ਇੱਛਾ ਪ੍ਰਾਪਤ ਕਰਨ ਜਾ ਰਹੇ ਹੋ।

117 ਹੇ ਪ੍ਰਭੂ, ਸਮਾਂ ਖਤਮ ਹੋ ਰਿਹਾ ਹੈ। ਪਰ ਬਾਈਬਲ ਨੇ ਕਿਹਾ ਕਿ, "ਜਿਨ੍ਹਾਂ ਨੇ ਵਿਸਵਾਸ ਕੀਤਾ, ਓਹਨਾਂ ਨੇ ਬਪਤਿਸਮਾ ਲਿਆ।" ਮੈਂ ਪ੍ਰਾਰਥਨਾ ਕਰਦਾ ਹਾਂ, ਸਵਰਗੀ ਪਿਤਾ, ਉਨ੍ਹਾਂ ਸਾਰਿਆਂ ਵਿਚੋਂ ਜਿਨ੍ਹਾਂ ਨੇ ਆਪਣੇ ਹੱਥ ਸੱਚੇ ਇਕਰਾਰ ਵਿੱਚ ਉੱਪਰ ਕੀਤੇ ਹਨ, ਕਿ ਉਹਨਾਂ ਨੇ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਿਆ ਹੈ, ਅਤੇ ਵੇਖਿਆ ਹੈ ਕਿ ਉਹ ਗਲਤ ਸਨ। ਮੈਂ ਉਨ੍ਹਾਂ ਵਿੱਚੋਂ ਅੱਧਿਆਂ ਵੱਲ ਕਦੇ ਨਹੀਂ ਵੇਖਿਆ। ਇਹ ਮੇਰੇ ਵੇਖਣ ਲਈ ਨਹੀਂ ਹੈ, ਇਹ ਤੁਹਾਡੇ ਵੇਖਣ ਲਈ ਹੈ, ਪ੍ਰਭੂ। ਤੁਸੀਂ ਉਸ ਹੱਥ ਦੇ ਮਕਸਦ ਅਤੇ ਉਦੇਸ਼ ਨੂੰ ਜਾਣਦੇ ਹੋ ਜੋ ਉੱਪਰ ਕੀਤਾ ਗਿਆ ਹੈ। ਉਨ੍ਹਾਂ ਨੂੰ, ਇਸ ਸਮੇਂ ਤੋਂ ਹੀ, ਉਨ੍ਹਾਂ ਦੇ ਦਿਲ ਵਿੱਚ ਉਦੇਸ਼ ਰੱਖਣਾ ਚਾਹੀਦਾ ਹੈ, "ਇਸ ਦਿਨ ਤੋਂ, ਬਾਅਦ, ਮੈਂ ਪਰਮੇਸ਼ੁਰ ਦੇ ਵਚਨ ਅਤੇ ਪਰਮੇਸ਼ੁਰ ਦੀ ਆਵਾਜ਼ ਨੂੰ ਲਵਾਂਗਾ, ਅਤੇ ਇਸ ਦੇ ਪਿੱਛੇ ਜਾਵਾਂਗਾ ਭਾਵੇਂ ਕੀਮਤ ਕੁਝ ਵੀ ਹੋਵੇ।" ਅਤੇ ਉਨ੍ਹਾਂ ਦੇ ਮੰਨ ਵਿਚ ਧਾਰ ਲੈਣ, ਜਿਵੇਂ ਉਹ ਜਾ ਰਹੇ ਸਨ, ਕਵੀ ਦਾ ਗੀਤ, "ਕੀ ਯਿਸੂ ਨੂੰ ਇਕੱਲੇ ਹੀ ਸਲੀਬ ਚੁੱਕਣੀ ਚਾਹੀਦੀ ਹੈ, ਅਤੇ ਸਾਰਾ ਸੰਸਾਰ ਮੁਕਤ ਹੋ ਜਾਣਾ ਚਾਹੀਦਾ ਹੈ? ਨਹੀਂ, ਹਰੇਕ ਲਈ ਇੱਕ ਸਲੀਬ ਹੈ; ਮੇਰੇ ਲਈ ਇੱਕ ਸਲੀਬ ਹੈ। ਅਤੇ ਇਹ ਪਵਿੱਤਰ ਸਲੀਬ ਮੈਂ ਚੁੱਕਾਂਗਾ, ਜਦੋਂ ਤੱਕ ਮੌਤ ਮੈਨੂੰ ਆਜ਼ਾਦ ਨਹੀਂ ਕਰ ਦੇਵੇਗੀ।" ਫਿਰ ਜਦੋਂ ਪਰਮੇਸੁਰ ਦੀ ਅਵਾਜ਼ ਬੋਲੇਗੀ, "ਮੈਂ ਉਸਦੀ ਧਾਰਮਿਕਤਾ ਵਿੱਚ ਅੱਗੇ ਆਵਾਂਗਾ, ਕਿਉਂਕਿ ਮੈਂ ਉਸਦੀ ਅਵਾਜ਼ ਦੀ ਪਾਲਣਾ ਕੀਤੀ ਹੈ, ਉਸਦੇ ਵਚਨ ਦੀ ਆਵਾਜ਼।" ਮੈਂ ਉਨ੍ਹਾਂ ਨੂੰ ਹੁਣ ਤੁਹਾਡੇ ਲਈ ਸੌਂਪਦਾ ਹਾਂ, ਪ੍ਰਭੂ, ਯਿਸੂ ਮਸੀਹ ਦੇ ਨਾਮ ਵਿੱਚ।

118 ਹੁਣ ਜਦੋਂ ਅਸੀਂ ਆਪਣੇ ਸਿਰਾਂ ਨੂੰ ਝੁਕਾਉਂਦੇ ਹਾਂ, ਤੁਸੀਂ ਆਪਣਾ ਇਕਰਾਰ ਅਤੇ ਆਪਣੇ ਵਾਅਦੇ ਕਰ ਰਹੇ ਹੋ। ਮੈਂ ਇਥੇ ਬੈਠੇ ਇਕ ਛੋਟੇ ਮੁੰਡੇ ਤੋਂ ਹੈਰਾਨ ਹਾਂ, ਆਪਣਾ ਸਿਰ ਇਧਰ ਉਧਰ ਮਰੋੜ ਰਿਹਾ ਹੈ। ਅਤੇ ਕਲੀਸੀਆ ਲਈ ਇਕ ਆਵਾਜ਼ ਹੈ, "ਮੈਂ ਯਹੋਵਾਹ ਹਾਂ ਜੋ ਤੁਹਾਡੀਆਂ ਸਾਰੀਆਂ ਬਿਮਾਰੀਆਂ ਨੂੰ ਚੰਗਾ ਕਰਦਾ ਹਾਂ।" ਇਹ ਕਲੀਸੀਯਾ ਵਿਚ ਇਕ ਆਵਾਜ਼ ਹੈ। ਅਤੇ ਤੁਸੀਂ ਸਾਰੇ ਜਿਨ੍ਹਾਂ ਨੂੰ ਚੰਗਾਈ ਦੀ ਲੋੜ ਹੈ, ਅਤੇ ਤੁਸੀਂ ਪਰਮੇਸ਼ੁਰ ਦੇ ਹਰ ਵਚਨ ਲਈ ਇਕ ਪਵਿੱਤਰ ਜੀਵਨ ਜੀ ਰਹੇ ਹੋ ਜੋ ਤੁਸੀਂ ਜਾਣਦੇ ਹੋ ਕਿ ਸਹੀ ਕੀ ਹੈ, ਅਤੇ ਤੁਹਾਨੂੰ ਚੰਗਾਈ ਦੀ ਲੋੜ ਹੈ, ਮੈਂ ਹੈਰਾਨ ਹਾਂ ਜੇ ਤੁਸੀਂ ਆਪਣੇ ਹੱਥ ਉਠਾਉਂਦੇ ਹੋ। ਆਪਣੇ ਹੱਥ ਉਠਾਓ, "ਪ੍ਰਭੂ, ਮੈਨੂੰ ਚੰਗਾਈ ਦੀ ਲੋੜ ਹੈ।" ਠੀਕ ਹੈ।

119 ਹੁਣ, ਉਸ ਆਵਾਜ਼ ਨੂੰ ਆਪਣੇ ਦਿਲ ਵਿਚ ਰੱਖੋ, "ਮੈਂ ਯਹੋਵਾਹ ਹਾਂ ਜੋ ਤੁਹਾਡੀਆਂ ਸਾਰੀਆਂ ਬਿਮਾਰੀਆਂ ਨੂੰ ਚੰਗਾ ਕਰਦਾ ਹਾਂ।" ਯਾਦ ਰੱਖੋ, ਜਦੋਂ ਇਹ ਵਚਨ ਬੋਲਿਆ ਜਾਂਦਾ ਹੈ, ਇਹ ਪੂਰਾ ਹੋਣ ਚਾਹੀਦਾ ਹੈ। ਯਿਸੂ ਨੇ ਕਿਹਾ,

ਮਰਕੁਸ 11:22, "ਜੇ ਤੁਸੀਂ ਇਸ ਪਹਾੜ ਨੂੰ ਕਹੋ, 'ਹਟ ਜਾਹ,' ਅਤੇ ਆਪਣੇ ਦਿਲ ਵਿਚ ਸ਼ੱਕ ਨਾ ਕਰੋ, ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਪੂਰਾ ਹੋ ਜਾਵੇਗਾ, ਤਾਂ ਤੁਸੀਂ ਜੋ ਕਹੋਗੇ ਉਹ ਪੂਰਾ ਹੋ ਜਾਵੇਗਾ।"

120 ਹੁਣ, ਹਰ ਇਕ ਹੁਣ ਆਪਣੇ ਢੰਗ ਨਾਲ, ਆਪਣਾ ਸਿਰ ਝੁਕਾਓ, ਆਪਣਾ ਇਕਰਾਰ ਕਰੋ, "ਪ੍ਰਭੂ, ਮੈਂ ਤੁਹਾਡੇ ਵਚਨ ਤੇ ਵਿਸ਼ਵਾਸ ਕਰਦਾ ਹਾਂ। ਮੈਂ ਤੁਹਾਡੀ ਅਵਾਜ਼ ਨੂੰ ਇਹ ਕਹਿੰਦਿਆਂ ਸੁਣਿਆ ਕਿ ਤੁਸੀਂ ਕੱਲ੍ਹ, ਅੱਜ, ਅਤੇ ਸਦਾ ਲਈ ਇਕੋ ਜਿਹੇ ਹੋ।" ਮੈਂ ਹੇਠਾਂ ਚਲਾ ਜਾਵਾਂਗਾ ਅਤੇ ਇਸ ਬੱਚੇ ਉੱਤੇ ਹੱਥ ਰੱਖਾਂਗਾ, ਕਿਉਂਕਿ ਉਹ ਇਹ ਸਭ ਜਾਣਨ ਦੇ ਲਈ ਬਹੁਤ ਛੋਟਾ ਹੈ, ਅਨਮੋਲ ਛੋਟਾ ਲੜਕਾ, ਆਕਾਰ ਅਤੇ ਉਮਰ ਦੇ ਹਿਸਾਬ ਨਾਲ ਮੇਰੇ ਛੋਟੇ ਜੋਸਫ ਵਰਗਾ ਹੈ। ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਪ੍ਰਾਰਥਨਾ ਕਰੋ, ਪ੍ਰਾਰਥਨਾ ਕਰੋ, "ਪ੍ਰਭੂ, ਮੈਂ ਤੁਹਾਡੀ ਅਵਾਜ਼ ਸੁਣੀ ਹੈ। ਮੈਂ ਵਿਸ਼ਵਾਸ ਕਰਦਾ ਹਾਂ।"

121 ਸਵਰਗੀ ਪਿਤਾ, ਅਸੀਂ ਇਸ ਸੰਗਤ ਨੂੰ ਉਨ੍ਹਾਂ ਦੇ ਸਰੀਰ ਦੇ ਇਲਾਜ ਲਈ ਤੁਹਾਡੇ ਕੋਲ ਲਿਆ ਰਹੇ ਹਾਂ। ਅਤੇ, ਪ੍ਰਭੂ, ਇੱਥੇ ਇਕ ਨਿੱਕਾ ਗਰੀਬ ਬੱਚਾ ਬੈਠਾ ਹੋਇਆ ਹੈ, ਉਹ ਸਾਰੇ ਸੰਦੇਸ਼ ਵਿੱਚ ਮੇਰਾ ਧਿਆਨ ਆਕਰਸ਼ਿਤ ਕਰ ਰਿਹਾ ਹੈ, ਇੱਕ ਮਾਤਾ ਪਿਤਾ ਨੂੰ ਉਸ ਛੋਟੇ ਬੱਚੇ ਨੂੰ ਲੈ ਕੇ ਉੱਥੇ ਬੈਠੇ ਵੇਖਦੇ ਹੋਏ। ਡਾਕਟਰੀ ਵਿਗਿਆਨ ਤੋਂ, ਛੋਟੇ ਮੁੰਡੇ ਲਈ ਕੋਈ ਉਮੀਦ ਨਹੀਂ ਹੈ। ਪਰਮੇਸ਼ੁਰ ਦੀ ਇੱਕ ਅਵਾਜ਼ ਹੈ ਜੋ ਹਰੇਕ ਚੀਜ਼ ਤੋਂ ਉੱਪਰ ਹੈ। ਅਤੇ ਜਿਵੇਂ ਇਹ ਕਲੀਸਿਯਾ ਹਰ ਹੁਕਮ ਕਰਨ ਲਈ ਇਕੱਠੀ ਹੋਈ ਹੈ ਜੋ ਕਿ ਮੈਂ ਜਾਣਦਾ ਹਾਂ ਕਿ ਕਿਵੇਂ ਕਰਨਾ ਹੈ, ਬਾਕੀ ਤੁਹਾਡਾ ਹੈ, ਪਿਤਾ। ਮੈਂ ਹੇਠਾਂ ਜਾ ਰਿਹਾ ਹਾਂ ਅਤੇ ਉਸ ਬੱਚੇ ਤੇ ਹੱਥ ਰੱਖ ਰਿਹਾ ਹਾਂ।

122 ਪਿਤਾ ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਇਸਨੂੰ ਡਾਂਟਦਾ ਹਾਂ। ਪਰਮੇਸ਼ੁਰ ਦੀ ਸ਼ਕਤੀ, ਪਰਮੇਸ਼ੁਰ ਦੀ ਚੰਗਾਈ...ਅਗਲੇ ਪੰਜ ਮਿੰਟਾਂ ਵਿਚ ਉਸ ਵਿਚ ਇੰਨਾ ਫਰਕ ਆ ਜਾਵੇ...?...ਉਹ ਸਾਰੇ...?...ਤੁਹਾਡੀ ਮਹਿਮਾ ਲਈ।

123 ਸਵਰਗੀ ਪਿਤਾ, ਤੁਸੀਂ ਵਾਅਦਾ ਕੀਤਾ ਸੀ। ਮੈਂ ਬਸ ਇਹੀ ਸਭ ਜਾਣਦਾ ਹਾਂ, ਤੁਸੀਂ ਵਾਅਦਾ ਕੀਤਾ ਸੀ। ਇਹ ਹੋ ਗਿਆ ਹੈ, ਜਿਵੇਂ ਕਿ ਕਿਹਾ ਗਿਆ ਹੈ, "ਜੇ ਤੁਸੀਂ ਇਸ ਨੂੰ ਕਹੋ," ਅਤੇ ਮੈਂ ਬਿਮਾਰੀ ਜਾਂ ਕਸ਼ਟ ਦੇ ਹਰੇਕ ਸ਼ੈਤਾਨ ਨੂੰ ਕਹਿ ਰਿਹਾ ਹਾਂ ਜਿਸ ਨੇ ਇਸ ਸਭਾ ਨੂੰ ਜਕੜਿਆ ਹੋਇਆ ਹੈ, ਜੋ ਇਹਨਾ ਲੋਕਾਂ ਨੂੰ ਜਕੜੇ ਹੋਏ ਹੈ, ਅਵਿਸ਼ਵਾਸ ਦੀ ਹਰੇਕ ਆਤਮਾ, ਮੈਂ ਕਹਿ ਰਿਹਾ ਹਾਂ, "ਇਨ੍ਹਾਂ ਲੋਕਾਂ ਤੋਂ ਚਲੇ ਜਾਓ, ਯਿਸੂ ਮਸੀਹ ਦੇ ਨਾਮ ਵਿੱਚ!" ਹੁਣ, ਅਸੀਂ ਜਾਣਦੇ ਹਾਂ ਕਿ ਇਹ ਲਿਖਿਆ ਹੋਇਆ ਹੈ, ਅਤੇ ਹੁਣ ਕਿਹਾ ਗਿਆ ਹੈ, ਇਸਨੂੰ

ਪੂਰਾ ਹੋਣ ਦਿਓ, ਪਰਮੇਸ਼ੁਰ ਦੇ ਆਦਰ ਅਤੇ ਮਹਿਮਾ ਦੇ ਲਈ। ਅਤੇ ਯਿਸੂ ਮਸੀਹ ਦੇ ਨਾਮ ਤੇ ਇਹ ਮੰਗਿਆ ਜਾਂਦਾ ਹੈ।

124 ਹੁਣ, ਤੁਸੀਂ ਜਿਹੜੇ ਵਿਸ਼ਵਾਸ ਕਰ ਸਕਦੇ ਹੋ, ਅਤੇ ਵਿਸ਼ਵਾਸ ਕਰਦੇ ਹੋ, ਭਾਵੇਂ ਕੁਝ ਵੀ ਹੋਵੇ, ਹੋਣ ਦੀ ਜ਼ਰੂਰਤ ਨਹੀਂ, ਬੀਜ ਉਥੇ ਡਿੱਗ ਗਿਆ ਹੈ। ਉਹ ਛੋਟੀ ਜਿਹੀ ਚੀਜ਼ ਤੁਹਾਡੇ ਅੰਦਰ, ਉਹ ਆਵਾਜ਼। ਇਸ ਬੱਚੇ ਦੇ ਮਾਪੇ, ਚਾਹੇ ਬੱਚੇ ਦੀ ਹਾਲਤ ਕੁਝ ਵੀ ਹੋਵੇ, ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਦਾ ਬੀਜ ਤੁਹਾਡੇ ਦਿਲ ਵਿੱਚ ਪੈ ਗਿਆ ਹੈ, ਕਿ ਉਹ ਲੜਕਾ ਠੀਕ ਹੋ ਜਾਵੇਗਾ? ਤੁਹਾਡੇ ਵਿਚੋਂ ਬਾਕੀ ਪ੍ਰਾਰਥਨਾ ਕਰ ਰਹੇ ਹਨ, ਇਕ ਦੂਜੇ ਲਈ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਦਾ ਬੀਜ ਤੁਹਾਡੇ ਦਿਲ ਵਿਚ ਆ ਗਿਆ ਹੈ, "ਮੇਰੀ ਬਿਮਾਰੀ ਖਤਮ ਹੋ ਗਈ ਹੈ"? ਫਿਰ ਤੁਹਾਡੇ ਲਈ ਵਿਸ਼ਵਾਸ ਦੀ ਪ੍ਰਾਰਥਨਾ ਕੀਤੀ ਗਈ ਹੈ, ਉਸ ਚੌਕੀ ਨੂੰ ਹਟਾ ਦਿਓ। ਅਤੇ ਜੇ ਸ਼ੈਤਾਨ ਕਦੇ ਕੋਸ਼ਿਸ਼ ਕਰਦਾ ਹੈ, ਤਾਂ ਤੁਸੀਂ ਵਾਪਸ ਆ ਜਾਓ: "ਉਸ ਸਪੈਨਿਸ਼ ਚਰਚ ਵਿਚ ਖੜੇ ਹੋ ਕੇ, ਉਸ ਐਤਵਾਰ ਸਵੇਰੇ, ਮੇਰੇ ਲਈ ਵਿਸ਼ਵਾਸ ਦੀ ਪ੍ਰਾਰਥਨਾ ਕੀਤੀ ਗਈ ਸੀ। ਅਤੇ ਪਰਮੇਸ਼ੁਰ ਨੇ ਵਾਅਦਾ ਕੀਤਾ!" ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ। ਇਸ ਨੂੰ ਪੂਰਾ ਹੋਣਾ ਹੀ ਹੈ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਕਹੋ, "ਆਮੀਨ।" ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਹੁਣ ਮੈਂ ਸਭਾ ਨੂੰ ਭਾਈ ਰੋਜ ਵੱਲ ਵਾਪਸ ਕਰ ਦੇਵਾਂਗਾ, ਮੇਰਾ ਖਿਆਲ ਇਥੇ, ਭਾਈ ਜਿਊਲ਼ ਰੋਜ਼।

*ਇਨ੍ਹਾਂ ਅਖ਼ੀਰਲੇ ਦਿਨਾਂ ਵਿਚ ਪਰਮੇਸ਼ੁਰ ਦੀ ਅਵਾਜ਼* PUN63-0120M

(The Voice Of God In This Last Days)

ਭਾਈ ਵਿਲੀਅਮ ਮੈਰੀਅਨ ਬ੍ਰੰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸਵੇਰੇ, 20 ਜਨਵਰੀ, 1963 ਨੂੰ, ਫੀਨਿਕਸ, ਐਰੀਜ਼ੋਨਾ, ਯੂਐਸਏ ਦੇ ਅਪੋਸਟੋਲਿਕ ਚਰਚ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਿਤੀ ਇਜਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:



VOICE OF GOD RECORDINGS

P.O. BOX 950, JEFFERSONVILLE, INDIANA 47131 U.S.A.

www.branham.org